

Founder & Chief Editor : Gurmit Singh
1 516 989 8001 | 1 631 835 8000

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media

COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH

Follow Us On /apnapunjabmedia
www.apnapunjabmedia.com newsroom@apnapunjabmedia.com
00 VOL XVIII, ISSUE 1928 | FRIDAY MAY 22, 2026
NEW YORK


# ਅਮਰੀਕਾ ਚ ਸਿੱਖਾਂ ਦੀ ਸਿਰਮੌਰ ਸੰਸਥਾ ਸਿੱਖਸ ਆਫ ਅਮਰੀਕਾ ਵੱਲੋਂ ਮੈਰੀਲੈਂਡ ਵਿਖੇ ਕੀਤਾ ਗਿਆ ਸਾਲਾਨਾ 'ਵਿਸਾਖੀ ਗਾਲਾ ਅਤੇ ਸਿੱਖ ਹੀਰੋ ਅਵਾਰਡ 2026' ਦਾ ਸ਼ਾਨਦਾਰ ਆਯੋਜਨ



## ਸਮਾਗਮ ਦੌਰਾਨ ਅਮਰੀਕਾ, ਬ੍ਰਿਟੇਨ, ਭਾਰਤ ਅਤੇ ਪਾਕਿਸਤਾਨ ਸਮੇਤ ਕਈ ਦੇਸ਼ਾਂ ਨਾਲ ਜੁੜੇ ਸਿੱਖ ਹੀਰੋਜ਼ ਨੂੰ ਕੀਤਾ ਗਿਆ ਸਨਮਾਨਿਤ

## ਇਹ ਸਾਲਾਨਾ ਸਮਾਗਮ ਦੁਨੀਆ ਭਰ 'ਚ ਵੱਸਦੇ ਸਿੱਖਾਂ ਦੀ ਵਿਲੱਖਣ ਪਹਿਚਾਣ, ਸਿਆਸੀ ਹਿੱਸੇਦਾਰੀ, ਸੇਵਾ ਭਾਵਨਾ ਅਤੇ ਭਾਈਚਾਰਕ ਏਕਤਾ ਦਾ ਪ੍ਰਤੀਕ : ਚੇਅਰਮੈਨ ਜਸਦੀਪ ਸਿੰਘ ਜੈਸੀ




## ਸਿੱਖ ਕੌਮ ਦਾ ਪਿਆਰ, ਸੇਵਾ ਤੇ ਮਨੁੱਖਤਾ ਦਾ ਸੰਦੇਸ਼ ਨੌਜਵਾਨ ਪੀੜ੍ਹੀ ਤੱਕ ਪਹੁੰਚਾਉਣਾ ਸਾਡੀ ਸੰਸਥਾ ਦੀ ਮੁੱਖ ਜ਼ਿੰਮੇਵਾਰੀ ਹੈ : ਪ੍ਰਧਾਨ ਕੰਵਲਜੀਤ ਸੋਨੀ

**ਵਾਸ਼ਿੰਗਟਨ ਡੀ.ਸੀ.: ਆਪਣਾ ਪੰਜਾਬ ਮੀਡੀਆ :** ਅਮਰੀਕਾ ਵਿਚ ਸਿੱਖਾਂ ਦੀ ਸਿਰਮੌਰ ਸੰਸਥਾ "ਸਿੱਖਸ ਆਫ ਅਮਰੀਕਾ" ਵੱਲੋਂ ਚੇਅਰਮੈਨ ਸ੍ਰ. ਜਸਦੀਪ ਸਿੰਘ ਜੈਸੀ ਦੀ ਅਗਵਾਈ ਹੇਠ ਮੈਰੀਲੈਂਡ ਵਿਖੇ ਸਾਲਾਨਾ "ਵਿਸਾਖੀ ਗਾਲਾ ਅਤੇ ਸਿੱਖ ਹੀਰੋ ਅਵਾਰਡ 2026" ਬਹੁਤ ਹੀ ਸ਼ਾਨਦਾਰ ਅਤੇ ਯਾਦਗਾਰ ਢੰਗ ਨਾਲ ਆਯੋਜਿਤ ਕੀਤਾ ਗਿਆ। 17 ਮਈ ਨੂੰ ਹੋਏ ਇਸ ਵਿਸ਼ੇਸ਼ ਸਮਾਗਮ ਵਿੱਚ ਅਮਰੀਕਾ, ਬ੍ਰਿਟੇਨ, ਭਾਰਤ ਅਤੇ ਪਾਕਿਸਤਾਨ ਸਮੇਤ ਕਈ ਦੇਸ਼ਾਂ ਨਾਲ ਜੁੜੀਆਂ ਪ੍ਰਸਿੱਧ ਸਿੱਖ ਹਸਤੀਆਂ ਨੂੰ ਸਨਮਾਨਿਤ ਕੀਤਾ ਗਿਆ।



**ਅੰਤਰਰਾਸ਼ਟਰੀ ਪੱਧਰ ਤੇ ਪੰਜਾਬੀ ਭਾਈਚਾਰੇ ਦੀ ਆਵਾਜ਼ ਬਣ ਰਹੇ ਪੱਤਰਕਾਰ ਵਰਿੰਦਰ ਸਿੰਘ (ਫਾਊਂਡਰ ਅਮੇਜ਼ਿੰਗ ਟੀਵੀ ਤੇ ਕ੍ਰਾਸ ਨੇਸ਼ਨ ਕ੍ਰੋਨਿਕਲ) ਨੂੰ ਵੀ ਵਿਸ਼ੇਸ਼ ਤੌਰ ਤੇ ਕੀਤਾ ਗਿਆ ਸਨਮਾਨਿਤ**

**ਅਦਾਰਾ ਆਪਣਾ ਪੰਜਾਬ ਦੇ CEO ਗੁਰਮੀਤ ਸਿੰਘ ਨੇ ਵਿਸ਼ੇਸ ਤੋਰ ਤੇ ਕੀਤੀ ਸ਼ਮੂਲੀਅਤ**

ਸਮਾਗਮ ਵਿੱਚ ਸਿੱਖ ਭਾਈਚਾਰੇ ਨਾਲ ਸੰਬੰਧਤ ਆਗੂਆਂ, ਉਦਯੋਗਪਤੀਆਂ, ਕਾਨੂੰਨਘਾੜਿਆਂ, ਸਮਾਜਸੇਵੀਆਂ, ਧਾਰਮਿਕ ਆਗੂਆਂ, ਮੀਡੀਆ ਪ੍ਰਤੀਨਿਧੀਆਂ ਅਤੇ ਦੱਖਣੀ ਏਸ਼ੀਆਈ ਭਾਈਚਾਰੇ ਦੀਆਂ ਵੱਖ-ਵੱਖ ਸੰਸਥਾਵਾਂ ਦੇ ਮੈਂਬਰਾਂ ਨੇ ਆਪਣੇ ਪਰਿਵਾਰਾਂ ਸਮੇਤ ਸ਼ਮੂਲੀਅਤ ਕੀਤੀ। ਸਾਰਾ ਮਾਹੌਲ ਸਿੱਖ ਵਿਰਾਸਤ, ਸੇਵਾ ਭਾਵਨਾ ਅਤੇ ਵਿਸ਼ਵ ਪੱਧਰ 'ਤੇ ਵਧ ਰਹੀ ਸਿੱਖ ਪਛਾਣ ਦੇ ਰੰਗਾਂ ਨਾਲ ਰੰਗਿਆ ਹੋਇਆ ਨਜ਼ਰ ਆਇਆ।

ਸਮਾਗਮ ਦੀ ਸੁਰੂਆਤ ਇੱਕ ਵਿਸ਼ੇਸ਼ ਵੀਡੀਓ ਪੇਸ਼ਕਾਰੀ ਨਾਲ ਹੋਈ, ਜਿਸ ਵਿੱਚ ਅਮਰੀਕਾ ਵਿੱਚ ਸਿੱਖਾਂ ਦੇ ਇਤਿਹਾਸ, ਸੰਘਰਸ਼ ਅਤੇ ਯੋਗਦਾਨ ਨੂੰ ਦਰਸਾਇਆ ਗਿਆ।

CONT...











Copyright: Apna Punjab Media 2025-26



ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
COVERING DIASPORA INTERNATIONALLY
APNA PUNJAB media.tv HD
Founder & Chief Editor: Gurmit Singh
1 516 989 8001 | 1 631 835 8000
CORPORATE OFFICE:
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com
1 VOL XVIII, ISSUE 1928 | FRIDAY MAY 22, 2026
NEW YORK

# ਅਮਰੀਕਾ ਚ ਸਿੱਖਾਂ ਦੀ ਸਿਰਮੌਰ ਸੰਸਥਾ ਸਿੱਖਸ ਆਫ ਅਮਰੀਕਾ ਵੱਲੋਂ ਮੈਰੀਲੈਂਡ ਵਿਖੇ ਕੀਤਾ ਗਿਆ ਸਾਲਾਨਾ 'ਵਿਸਾਖੀ ਗਾਲਾ ਅਤੇ ਸਿੱਖ ਹੀਰੋ ਅਵਾਰਡ 2026' ਦਾ ਸ਼ਾਨਦਾਰ ਆਯੋਜਨ



## ਸਮਾਗਮ ਦੌਰਾਨ ਅਮਰੀਕਾ, ਬ੍ਰਿਟੇਨ, ਭਾਰਤ ਅਤੇ ਪਾਕਿਸਤਾਨ ਸਮੇਤ ਕਈ ਦੇਸ਼ਾਂ ਨਾਲ ਜੁੜੇ ਸਿੱਖ ਹੀਰੋਜ਼ ਨੂੰ ਕੀਤਾ ਗਿਆ ਸਨਮਾਨਿਤ

## ਇਹ ਸਾਲਾਨਾ ਸਮਾਗਮ ਦੁਨੀਆ ਭਰ 'ਚ ਵੱਸਦੇ ਸਿੱਖਾਂ ਦੀ ਵਿਲੱਖਣ ਪਹਿਚਾਣ, ਸਿਆਸੀ ਹਿੱਸੇਦਾਰੀ, ਸੇਵਾ ਭਾਵਨਾ ਅਤੇ ਭਾਈਚਾਰਕ ਏਕਤਾ ਦਾ ਪ੍ਰਤੀਕ : ਚੇਅਰਮੈਨ ਜਸਦੀਪ ਸਿੰਘ ਜੈਸੀ










## ਸਿੱਖ ਕੌਮ ਦਾ ਪਿਆਰ, ਸੇਵਾ ਤੇ ਮਨੁੱਖਤਾ ਦਾ ਸੰਦੇਸ਼ ਨੌਜਵਾਨ ਪੀੜ੍ਹੀ ਤੱਕ ਪਹੁੰਚਾਉਣਾ ਸਾਡੀ ਸੰਸਥਾ ਦੀ ਮੁੱਖ ਜ਼ਿੰਮੇਵਾਰੀ ਹੈ : ਪ੍ਰਧਾਨ ਕੰਵਲਜੀਤ ਸੋਨੀ

ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜੈਸੀ ਨੇ ਕਿਹਾ ਕਿ ਇਹ ਸਮਾਗਮ ਦੁਨੀਆ ਭਰ ਵਿੱਚ ਵੱਸਦੇ ਸਿੱਖਾਂ ਦੀ ਵਿਲੱਖਣ ਪਹਿਚਾਣ, ਸਿਆਸੀ ਹਿੱਸੇਦਾਰੀ, ਸੇਵਾ ਭਾਵਨਾ ਅਤੇ ਭਾਈਚਾਰਕ ਏਕਤਾ ਦਾ ਪ੍ਰਤੀਕ ਬਣ ਚੁੱਕਾ ਹੈ। ਉਨ੍ਹਾਂ ਕਿਹਾ ਕਿ "ਸਿੱਖ ਹੀਰੋ ਅਵਾਰਡ" ਉਹਨਾਂ ਸ਼ਖਸੀਅਤਾਂ ਨੂੰ ਸਮਰਪਿਤ ਹੈ, ਜੋ ਚੁੱਪਚਾਪ ਮਨੁੱਖਤਾ ਅਤੇ ਸਮਾਜ ਦੀ ਸੇਵਾ ਕਰ ਰਹੀਆਂ ਹਨ ਅਤੇ ਆਪਣੀਆਂ ਪ੍ਰਾਪਤੀਆਂ ਰਾਹੀਂ

**ਅੰਤਰਰਾਸ਼ਟਰੀ ਪੱਧਰ ਤੇ ਪੰਜਾਬੀ ਭਾਈਚਾਰੇ ਦੀ ਆਵਾਜ਼ ਬਣ ਰਹੇ ਪੱਤਰਕਾਰ ਵਰਿੰਦਰ ਸਿੰਘ (ਫਾਊਂਡਰ ਅਮੇਜ਼ਿੰਗ ਟੀਵੀ ਤੇ ਕ੍ਰਾਸ ਨੇਸ਼ਨ ਕ੍ਰੋਨਿਕਲ) ਨੂੰ ਵੀ ਵਿਸ਼ੇਸ਼ ਤੌਰ ਤੇ ਕੀਤਾ ਗਿਆ ਸਨਮਾਨਿਤ**

**ਅਦਾਰਾ ਆਪਣਾ ਪੰਜਾਬ ਦੇ CEO ਗੁਰਮੀਤ ਸਿੰਘ ਨੇ ਵਿਸ਼ੇਸ ਤੋਰ ਤੇ ਕੀਤੀ ਸ਼ਮੂਲੀਅਤ**

ਨਵੀਂ ਪੀੜ੍ਹੀ ਲਈ ਪ੍ਰੇਰਣਾ ਬ ਣ ਦੀ ਆਂ ਹਨ। ਸੰਸਥਾ ਦੇ ਪ੍ਰਧਾਨ ਕੰਵਲਜੀਤ ਸੋਨੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਿੱਖ ਕੌਮ ਦਾ ਪਿਆਰ, ਸੇਵਾ ਅਤੇ ਮਨੁੱਖਤਾ ਦਾ ਸੰਦੇਸ਼ ਨੌਜਵਾਨ ਪੀੜ੍ਹੀ ਤੱਕ ਪਹੁੰਚਾਉਣਾ ਸਾਡੀ ਸੰਸਥਾ ਦੀ ਮੁੱਖ ਜ਼ਿੰਮੇਵਾਰੀ ਹੈ ਅਤੇ ਅਸੀਂ ਇਸ ਫ਼ਰਜ਼ ਨੂੰ ਪੂਰੀ ਨਿਸ਼ਠਾ ਨਾਲ ਨਿਭਾ ਰਹੇ ਹਾਂ। ਸਮਾਗਮ ਦੌਰਾਨ ਵਰਜੀਨੀਆ ਸਟੇਟ ਦੇ ਡੈਲੀਗੇਟ ਜੇ.ਜੇ. ਸਿੰਘ, ਬ੍ਰਿਟੇਨ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ, ਪਾਕਿਸਤਾਨ ਦੇ ਪੰਜਾਬ ਸੂਬੇ ਦੇ ਘੱਟ ਗਿਣਤੀ ਅਤੇ ਮਨੁੱਖੀ ਅਧਿਕਾਰ ਮੰਤਰੀ ਸਰਦਾਰ ਰਮੇਸ਼ ਸਿੰਘ ਅਰੋੜਾ, ਅੰਤਰਰਾਸ਼ਟਰੀ ਕਾਰੋਬਾਰੀ ਸਰਦਾਰ ਬਲਦੇਵ ਸਿੰਘ ਕੰਗ ਅਤੇ

CONT...










Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Founder & Chief Editor : Gurmit Singh
1 516 989 8001 | 1 631 835 8000
Google apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com


# ਅਮਰੀਕਾ ਚ ਸਿੱਖਾਂ ਦੀ ਸਿਰਮੌਰ ਸੰਸਥਾ ਸਿੱਖਸ ਆਫ ਅਮਰੀਕਾ ਵੱਲੋਂ ਮੈਰੀਲੈਂਡ ਵਿਖੇ ਕੀਤਾ ਗਿਆ ਸਾਲਾਨਾ 'ਵਿਸਾਖੀ ਗਾਲਾ ਅਤੇ ਸਿੱਖ ਹੀਰੋ ਅਵਾਰਡ 2026' ਦਾ ਸ਼ਾਨਦਾਰ ਆਯੋਜਨ

PAGE 3 of 3

## ਸਮਾਗਮ ਦੌਰਾਨ ਅਮਰੀਕਾ, ਬ੍ਰਿਟੇਨ, ਭਾਰਤ ਅਤੇ ਪਾਕਿਸਤਾਨ ਸਮੇਤ ਕਈ ਦੇਸ਼ਾਂ ਨਾਲ ਜੁੜੇ ਸਿੱਖ ਹੀਰੋਜ਼ ਨੂੰ ਕੀਤਾ ਗਿਆ ਸਨਮਾਨਿਤ

## ਇਹ ਸਾਲਾਨਾ ਸਮਾਗਮ ਦੁਨੀਆ ਭਰ 'ਚ ਵੱਸਦੇ ਸਿੱਖਾਂ ਦੀ ਵਿਲੱਖਣ ਪਹਿਚਾਣ, ਸਿਆਸੀ ਹਿੱਸੇਦਾਰੀ, ਸੇਵਾ ਭਾਵਨਾ ਅਤੇ ਭਾਈਚਾਰਕ ਏਕਤਾ ਦਾ ਪ੍ਰਤੀਕ : ਚੇਅਰਮੈਨ ਜਸਦੀਪ ਸਿੰਘ ਜੈਸੀ






## ਸਿੱਖ ਕੌਮ ਦਾ ਪਿਆਰ, ਸੇਵਾ ਤੇ ਮਨੁੱਖਤਾ ਦਾ ਸੰਦੇਸ਼ ਨੌਜਵਾਨ ਪੀੜ੍ਹੀ ਤੱਕ ਪਹੁੰਚਾਉਣਾ ਸਾਡੀ ਸੰਸਥਾ ਦੀ ਮੁੱਖ ਜ਼ਿੰਮੇਵਾਰੀ ਹੈ : ਪ੍ਰਧਾਨ ਕੰਵਲਜੀਤ ਸੋਨੀ

### ਅੰਤਰਰਾਸ਼ਟਰੀ ਪੱਧਰ ਤੇ ਪੰਜਾਬੀ ਭਾਈਚਾਰੇ ਦੀ ਆਵਾਜ਼ ਬਣ ਰਹੇ ਪੱਤਰਕਾਰ ਵਰਿੰਦਰ ਸਿੰਘ (ਫਾਊਂਡਰ ਅਮੇਜ਼ਿੰਗ ਟੀਵੀ ਤੇ ਕ੍ਰਾਸ ਨੇਸ਼ਨ ਕ੍ਰੋਨਿਕਲ) ਨੂੰ ਵੀ ਵਿਸ਼ੇਸ਼ ਤੌਰ ਤੇ ਕੀਤਾ ਗਿਆ ਸਨਮਾਨਿਤ

### ਅਦਾਰਾ ਆਪਣਾ ਪੰਜਾਬ ਦੇ CEO ਗੁਰਮੀਤ ਸਿੰਘ ਨੇ ਵਿਸ਼ੇਸ ਤੌਰ ਤੇ ਕੀਤੀ ਸ਼ਮੂਲੀਅਤ

ਪ੍ਰਸਿੱਧ ਸਮਾਜਸੇਵੀ ਸਰਦਾਰ ਬਹਾਦਰ ਸਿੰਘ ਨੂੰ ਵਿਸ਼ੇਸ਼ ਸਨਮਾਨ ਨਾਲ ਨਿਵਾਜਿਆ ਗਿਆ। ਰਮੇਸ਼ ਸਿੰਘ ਅਰੋੜਾ ਨੇ ਆਪਣੇ ਸੰਬੋਧਨ ਦੌਰਾਨ ਕਰਤਾਰਪੁਰ ਲਾਂਘੇ ਨੂੰ ਦੋ ਦੇਸ਼ਾਂ ਅਤੇ ਦੋ ਦਿਲਾਂ ਨੂੰ ਜੋੜਨ ਵਾਲਾ ਪੁਲ ਦੱਸਿਆ। ਸਮਾਗਮ ਦੌਰਾਨ ਅੰਤਰਰਾਸ਼ਟਰੀ ਪੱਧਰ 'ਤੇ ਪੰਜਾਬੀ ਭਾਈਚਾਰੇ ਦੀ ਆਵਾਜ਼ ਬਣ ਰਹੇ ਪੱਤਰਕਾਰ ਵਰਿੰਦਰ ਸਿੰਘ (ਫਾਊਂਡਰ ਅਮੇਜ਼ੰਗਿ ਟੀਵੀ ਤੇ ਕ੍ਰਾਸ ਨੇਸ਼ਨ ਕ੍ਰੋਨਿਕਲ) ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਵਰਿੰਦਰ ਸਿੰਘ ਨੂੰ ਬਿਪਤਾ ਅਤੇ ਸੰਕਟਕਾਲੀਨ ਹਾਲਾਤਾਂ ਦੌਰਾਨ ਹ ਤਸਮੱਗਰੀ ਪਹੁੰਚਾਉਣ ਅਤੇ ਸਮਾਜਿਕ ਸੇਵਾਵਾਂ ਵਿੱਚ ਯੋਗਦਾਨ ਲਈ ਸਨਮਾਨ ਭੇਟ ਕੀਤਾ ਗਿਆ। ਇਸ ਮੌਕੇ "ਮੁਸਲਿਮਜ਼ ਆਫ ਅਮਰੀਕਾ" ਦੇ ਸੰਸਥਾਪਕ ਸਾਜਿਦ ਤਰਾਰ ਨੇ ਕਿਹਾ ਕਿ ਇਹ ਸਮਾਗਮ ਸਿਰਫ਼ ਸਿੱਖਾਂ ਦਾ ਨਹੀਂ, ਸਗੋਂ ਪੂਰੇ ਦੱਖਣੀ ਏਸ਼ੀਆਈ ਭਾਈਚਾਰੇ ਦੀ ਏਕਤਾ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਦੁਨੀਆ ਨੂੰ ਨਫ਼ਰਤ ਨਹੀਂ, ਸਗੋਂ ਪਿਆਰ, ਭਾਈਚਾਰੇ ਅਤੇ ਸ਼ਾਂਤੀ ਦੀ ਲੋੜ ਹੈ। ਸਮਾਗਮ ਵਿੱਚ ਮਨੋਰੰਜਨ ਅਤੇ ਸੱਭਿਆਚਾਰਕ ਪੇਸ਼ਕਾਰੀਆਂ ਨੇ ਵੀ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ। ਅਦਾਰਾ ਆਪਣਾ ਪੰਜਾਬ ਦੇ ਗੁਰਮੀਤ ਸਿੰਘ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ ਗਈ, ਜਦਕਿ ਆਪਣਾ ਪੰਜਾਬ ਮੀਡੀਆ ਟੀਮ ਵੱਲੋਂ ਸਮਾਗਮ ਦੀ ਵਿਸ਼ੇਸ਼ ਕਵਰੇਜ ਕੀਤੀ ਗਈ। **SOA** ਦੀ ਸਮੁੱਚੀ ਟੀਮ ਨੇ ਵੱਧਚੜ੍ਹ ਕੇ ਪ੍ਰੋਗਰਾਮ ਵਿਚ ਆਪਣੀ ਅਹਿਮ ਭੂਮਿਕਾ ਨਿਭਾਈ।











Copyright: Apna Punjab Media 2025-26



Founder & Chief Editor : Gurmit Singh
1 516 989 8001 | 1 631 835 8000

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media

COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com




VOL XVIII, ISSUE 1928 | FRIDAY MAY 22, 2026

NEW YORK

# Spying For Pakistan: Pathankot ਤੋਂ ਫ਼ੌਜ ਦੀ ਲਾਈਵ ਵੀਡੀਓ ਪਾਕਿਸਤਾਨੀ ਹੈਂਡਲਰਾਂ ਨੂੰ ਭੇਜਣ ਵਾਲਾ ਜਾਸੂਸ ਗ੍ਰਿਫਤਾਰ



## Spying For Pakistan: ਪੁੱਛਗਿੱਛ ਦੌਰਾਨ Pathankot ਦੇ ਬਲਜੀਤ ਸਿੰਘ ਨੇ ਇੰਟਰਨੈੱਟ ਅਧਾਰਤ ਸੀਸੀਟੀਵੀ ਕੈਮਰਾ ਲਾਏ ਹੋਣ ਬਾਰੇ ਕਬੂਲਿਆ

**ਚੰਡੀਗੜ੍ਹ:ਆਪਣਾ ਪੰਜਾਬ ਮੀਡੀਆ:** ਪੰਜਾਬ ਦੇ ਪਠਾਨਕੋਟ ਦੇ ਇੱਕ ਨਿਵਾਸੀ ਨੂੰ ਪਾਕਿਸਤਾਨ ਸਥਿਤ ਹੈਂਡਲਰਾਂ ਲਈ ਜਾਸੂਸੀ ਕਰਨ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਜਾਂਚ ਅਨੁਸਾਰ ਮੁਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਚੱਕ ਧਾਰੀਵਾਲ ਪਿੰਡ ਦੇ ਰਹਿਣ ਵਾਲੇ ਬਲਜੀਤ ਸਿੰਘ ਨੇ ਕਥਿਤ ਤੌਰ 'ਤੇ ਫੌਜ ਅਤੇ ਅਰਧ ਸੈਨਿਕ ਬਲਾਂ ਦੀ ਹਰਕਤ'ਤੇ ਨਜ਼ਰ ਰੱਖਣ ਲਈ ਰਾਸ਼ਟਰੀ ਰਾਜਮਾਰਗ-44 (ਨੈਸ਼ਨਲ ਹਾਈਵੇਅ-44) 'ਤੇ ਇੱਕ ਪੁਲ ਦੇ ਨੇੜੇ ਸਥਿਤ ਇੱਕ ਦੁਕਾਨ 'ਤੇ ਸੀਸੀਟੀਵੀ ਕੈਮਰਾ ਲਗਾਇਆ ਸੀ। ਪੁਲੀਸ ਨੇ ਅੱਗੇ ਦੱਸਿਆ ਕਿ ਉਹ ਇਸ ਦੀ ਲਾਈਵ ਫੀਡ ਪਾਕਿਸਤਾਨ ਸਥਿਤ ਹੈਂਡਲਰਾਂ ਨੂੰ ਭੇਜ ਰਿਹਾ ਸੀ। ਪੁੱਛਗਿੱਛ ਦੌਰਾਨ ਮੁਲਜ਼ਮ ਨੇ ਕਬੂਲ ਕੀਤਾ ਕਿ ਉਸ ਨੇ ਜਨਵਰੀ ਵਿੱਚ ਐੱਨਐੱਚ-44 ਪਠਾਨਕੋਟ-ਜੰਮੂ ਹਾਈਵੇਅ 'ਤੇ ਇੱਕ ਦੁਕਾਨ 'ਤੇ ਇੰਟਰਨੈੱਟ ਆਧਾਰਤ ਸੀਸੀਟੀਵੀ ਕੈਮਰਾ ਲਗਾਇਆ ਸੀ।ਉਸ ਨੂੰ ਦੁਬਈ ਦੇ ਇੱਕ ਅਣਪਛਾਤੇ ਵਿਅਕਤੀ ਤੋਂ ਵੀ ਨਿਰਦੇਸ਼ ਮਿਲ ਰਹੇ ਸਨ। ਪੁਲੀਸ ਨੇ ਦਾਅਵਾ ਕੀਤਾ ਕਿ ਉਸ ਨੂੰ 40,000 ਰੁਪਏ ਦਿੱਤੇ ਗਏ ਸਨ। ਪੁਲੀਸ ਨੇ ਦੱਸਿਆ ਕਿ ਉਨ੍ਹਾਂ ਨੇ ਉਸ ਦੇ ਕਬਜ਼ੇ ਵਿੱਚੋਂ ਸੀਸੀਟੀਵੀ ਕੈਮਰਾ ਬਰਾਮਦ ਕਰ ਲਿਆ ਹੈ।

# ਸਰੀ ਵਿਚ Cricket Canada President ਦੇ ਘਰ 'ਤੇ ਗੋਲ਼ੀਬਾਰੀ




**ਵਿਨੀਪੈਂਗ :ਆਪਣਾ ਪੰਜਾਬ ਮੀਡੀਆ:** ਕੈਨੇਡਾ ਦੇ ਸਰੀ ਵਾਸੀ 'Cricket Canada' ਦੇ ਨਵੇਂ ਚੁਣੇ ਗਏ ਪ੍ਰਧਾਨ ਅਰਵਿੰਦਰ ਖੋਸਾ ਦੇ ਘਰ ਨੂੰ ਨਿਸ਼ਾਨਾ ਬਣਾ ਕੇ ਅਣਪਛਾਤੇ ਹਮਲਾਵਰਾਂ ਵੱਲੋਂ ਅੰਨ੍ਹੇਵਾਹ ਫਾਇਰਿੰਗ ਕੀਤੀ ਗਈ ਹੈ। ਅਰਵਿੰਦਰ ਖੋਸਾ ਨੇ ਗੋਲ਼ੀਬਾਰੀ ਦੀ ਪੁਸ਼ਟੀ ਕੀਤੀ ਹੈ। ਜਾਣਕਾਰੀ ਅਨੁਸਾਰ ਤੜਕਸਾਰ ਹੋਈ ਇਸ ਗੋਲ਼ੀਬਾਰੀ ਸਮੇਂ ਘਰ ਦੇ ਸਾਰੇ ਮੈਂਬਰ ਘਰ ਵਿੱਚ ਹੀ ਮੌਜੂਦ ਸਨ, ਪਰ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਸੂਚਨਾ ਨਹੀਂ ਹੈ। ਘਰ ਦੇ ਦਰਵਾਜ਼ੇ, ਖਿੜਕੀਆਂ ਅਤੇ ਬਾਹਰੀ ਹਿੱਸੇ ਵਿੱਚ ਘੱਟੋ-ਘੱਟ ਪੰਜ ਗੋਲੀਆਂ ਦੇ ਨਿਸ਼ਾਨ ਦੇਖੇ ਗਏ ਹਨ। ਅਧਿਕਾਰੀਆਂ ਅਨੁਸਾਰ ਪੁਲੀਸ ਨੂੰ ਇਸ ਗੋਲ਼ੀਬਾਰੀ ਦੀ ਸੂਚਨਾ ਸਵੇਰੇ 4.40 ਵਜੇ ਮਿਲੀ। ਸਰੀ ਪੁਲੀਸ ਨੇ ਕਿਹਾ ਕਿ ਜਾਂਚ ਸ਼ੁਰੂਆਤੀ ਪੜਾਅ ਵਿੱਚ ਹੈ ਪਰ ਗੋਲ਼ੀਬਾਰੀ ਜਬਰੀ ਵਸੂਲੀ ਨਾਲ ਸਬੰਧਿਤ ਮੰਨੀ ਜਾ ਰਹੀ ਹੈ। ਸਰੀ ਪੁਲੀਸ ਦੇ ਅਧਿਕਾਰੀਆਂ ਨੇ ਦੱਸਿਆ ਕਿ ਸਵੇਰੇ ਜਿਸ ਘਰ 'ਤੇ ਗੋਲੀ ਚਲਾਈ ਗਈ ਉਸ ਨਾਲ ਜੁੜੇ ਇੱਕ ਵਿਅਕਤੀ ਨੂੰ ਜਬਰੀ ਵਸੂਲੀ ਲਈ ਧਮਕੀਆਂ ਮਿਲੀਆਂ ਸਨ।

ਦੂਜੇ ਪਾਸੇ ਕੈਨੇਡੀਅਨ ਮੀਡੀਆ ਦੀਆਂ ਰਿਪੋਰਟਾਂ ਵਿੱਚ ਇਸ ਹਮਲੇ ਦੇ ਤਾਰ ਕੈਨੇਡੀਅਨ ਕ੍ਰਿਕਟ ਜਗਤ ਦੇ ਅੰਦਰੂਨੀ ਵਿਵਾਦਾਂ ਅਤੇ ਕਥਿਤ ਭ੍ਰਿਸ਼ਟਾਚਾਰ ਦੇ ਦੋਸ਼ਾਂ ਨਾਲ ਵੀ ਜੋੜ ਕੇ ਦੇਖੇ ਜਾ ਰਹੇ ਹਨ।'Cricket Canada' ਪਿਛਲੇ ਮਹੀਨੇ ਪ੍ਰਕਾਸ਼ਿਤ ਪੰਜਵੀਂ ਅਸਟੇਟ ਜਾਂਚ ਦਾ ਕੇਂਦਰ ਸੀ ਜਿਸ ਵਿੱਚ ਭ੍ਰਿਸ਼ਟਾਚਾਰ, ਸੰਗਠਿਤ ਅਪਰਾਧ ਦੁਆਰਾ ਪ੍ਰਭਾਵ ਅਤੇ ਕ੍ਰਿਕਟ ਕੈਨੇਡਾ ਦੀਆਂ ਪ੍ਰਮੁੱਖ ਹਸਤੀਆਂ ਵੱਲੋਂ ਮੈਚਾਂ ਨੂੰ ਫਿਕਸ ਕਰਨ ਦੀਆਂ ਕੋਸ਼ਿਸ਼ਾਂ ਦੇ ਵਿਆਪਕ ਦੋਸ਼ਾਂ ਦਾਖੁਲਾਸਾਹੋਇਆਸੀ।ਖੋਸਾ ਨੂੰ 9 ਮਈ ਨੂੰ ਮਿਸੀਸਾਗਾ, ਓਨਟਾਰੀਓ ਵਿੱਚ ਕ੍ਰਿਕਟ ਕੈਨੇਡਾ ਦੀ ਸਾਲਾਨਾ ਆਮ ਮੀਟਿੰਗ ਤੋਂ ਬਾਅਦ ਪ੍ਰਧਾਨ ਚੁਣਿਆ ਗਿਆ ਸੀ।

# America ਨੇ India ਅਧਾਰਿਤ Call Centre Scam ਦਾ ਕੀਤਾ ਪਰਦਾਫਾਸ਼



## ਬਜ਼ੁਰਗ ਅਮਰੀਕੀਆਂ ਨਾਲ 2.1 ਅਰਬ ਡਾਲਰ ਦੀ ਠੱਗੀ; ਪੰਜ ਭਾਰਤੀ ਦੋਸ਼ੀ ਕਰਾਰ

**ਨਿਊਯਾਰਕ : ਆਪਣਾ ਪੰਜਾਬ ਮੀਡੀਆ :** ਅਮਰੀਕੀ ਅਥਾਰਿਟੀਆਂ ਨੇ ਭਾਰਤ ਅਧਾਰਿਤ ਇਕ ਵੱਡੇ ਟੈਲੀਮਾਰਕੀਟਿੰਗ ਕਾਲ ਸੈਂਟਰ ਘੁਟਾਲੇ ਦਾ ਭੰਡਾਫੋੜ ਕਰਦਿਆਂ ਇਸ ਨਾਲ ਜੁੜੇ ਪੰਜ ਭਾਰਤੀ ਨਾਗਰਿਕਾਂ ਨੂੰ ਦੋਸ਼ੀ ਠਹਿਰਾਇਆ ਹੈ। ਐੱਫਬੀਆਈ ਬੋਸਟਨ ਦੀ ਕਈ ਸਾਲਾਂ ਦੀ ਜਾਂਚ ਤੋਂ ਬਾਅਦ ਇਹ ਕਾਰਵਾਈ ਕੀਤੀ ਗਈ।ਜਾਂਚ ਅਨੁਸਾਰ ਕਾਲ ਸੈਂਟਰਾਂ ਰਾਹੀਂ ਸੈਂਕੜੇ ਬਜ਼ੁਰਗ ਅਮਰੀਕੀਆਂ ਨੂੰ "ਟੈਕ ਸਪੋਰਟ" ਦੇ ਨਾਂ 'ਤੇ ਨਿਸ਼ਾਨਾ ਬਣਾਕੇ ਲੱਖਾਂ ਡਾਲਰ ਦੀ ਠੱਗੀ ਕੀਤੀ ਗਈ। ਗ੍ਰਿਫ਼ਤਾਰ ਕੀਤੇ ਗਏ ਭਾਰਤੀਆਂ ਵਿੱਚ ਸਾਹਿਲ ਨਾਰੰਗ, ਚਿਰਾਗ ਸਚਦੇਵਾ, ਅਬਰਾਰ ਅੰਜੁਮ, ਮਨੀਸ਼ ਕੁਮਾਰ ਅਤੇ ਜਗਮੀਤ ਸਿੰਘ ਵਿਰਕ ਸ਼ਾਮਲ ਹਨ।ਅਮਰੀਕੀਅਧਿਕਾਰੀਆਂ ਮੁਤਾਬਕ ਇਸ ਤਰ੍ਹਾਂ ਦੇ ਟੈਕ ਸਪੋਰਟ ਸਕੈਮ ਕਾਰਨ ਪਿਛਲੇ ਸਾਲ ਅਮਰੀਕੀਆਂ ਨੂੰ ਕਰੀਬ 2.1 ਅਰਬ ਡਾਲਰ ਦਾ ਨੁਕਸਾਨ ਹੋਇਆ।

# ਅਮਰੀਕੀ ਅਦਾਲਤ ਵੱਲੋਂ Diljit Dosanjh, Jimmy Fallon ਤੇ ਹੋਰ ਤਲਬ



**ਪਟਿਆਲਾ:ਆਪਣਾਪੰਜਾਬ ਮੀਡੀਆ :** ਅਮਰੀਕਾ ਦੀ ਫੈਡਰਲਅਦਾਲਤਨੇਪੰਜਾਬੀ ਗਾਇਕ Diljit Dosanjh, ਟੀਵੀ ਹੋਸਟ Jimmy Fallon, NBCUniversal ਅਤੇ Live Nation Entertainment ਨੂੰ 1984 ਸਿੱਖ ਵਿਰੋਧੀ ਦੰਗਿਆਂ ਨਾਲ ਜੁੜੇ ਸਿਵਲ ਕੇਸ ਵਿੱਚ ਸੰਮਨ ਜਾਰੀ ਕੀਤੇ ਹਨ। ਇਹ ਕੇਸ ਮਹਿੰਦਰ ਸਿੰਘ ਵੱਲੋਂ ਨਿਊਯਾਰਕ ਦੀ ਫੈਡਰਲ ਅਦਾਲਤ ਵਿੱਚ ਦਾਇਰ ਕੀਤਾ ਗਿਆ ਹੈ। ਮੁਦਈ ਦਾ ਦਾਅਵਾ ਹੈ ਕਿ 1984 ਦੰਗਿਆਂ ਦੌਰਾਨ ਉਸ ਦੇ ਪਿਤਾ ਦੀ ਦਿੱਲੀ ਵਿੱਚ ਮੌਤ ਹੋਈ ਸੀ। ਐੱਸਐੱਫਜੇ ਦੇ ਬਾਨੀ Gurpatwant Singh Pannun ਨੇ ਕੇਸ ਵਿੱਚ ਮਦਦ ਕਰਨ ਦਾ ਦਾਅਵਾ ਕੀਤਾ ਹੈ।







Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Founder & Chief Editor: Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE: NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com

VOL XVIII, ISSUE 1928 | FRIDAY MAY 22, 2026



# ਪੰਜਾਬ ਸਰਕਾਰ ਨੇ 8 ਹਜ਼ਾਰ ਸਰਪੰਚਾਂ ਨੂੰ ਮਾਣ-ਭੱਤਾ ਦੇਣ ਤੋਂ ਕੀਤਾ ਇਨਕਾਰ

## Punjab Sarpanch monthly honorarium:5228 ਸਰਪੰਚਾਂ ਨੂੰ ਸਰਕਾਰੀ ਖ਼ਜ਼ਾਨੇ 'ਚੋਂ ਭੱਤਾ ਦੇਣ ਦੀ ਤਿਆਰੀ

**ਚੰਡੀਗੜ੍ਹ :ਆਪਣਾ ਪੰਜਾਬ ਮੀਡੀਆ:** ਪੰਜਾਬ ਸਰਕਾਰ ਨੇ ਸੂਬੇ ਦੇ ਕਰੀਬ ਅੱਠ ਹਜ਼ਾਰ ਸਰਪੰਚਾਂ ਨੂੰ ਮਾਣ-ਭੱਤਾ ਦੇਣ ਤੋਂ ਪੱਲਾ ਝਾੜ ਲਿਆ ਹੈ ਅਤੇ ਕਰੀਬ 5,228 ਸਰਪੰਚਾਂ ਨੂੰ ਸਰਕਾਰੀ ਖ਼ਜ਼ਾਨੇ 'ਚੋਂ ਮਾਣ-ਭੱਤਾ ਦੇਣ ਦੀ ਤਿਆਰੀ ਖਿੱਚ ਲਈ ਹੈ। ਇਸ ਬਾਰੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੂੰ ਲੋੜੀਂਦਾ ਬਜਟ ਆਉਂਦੇ ਦਿਨਾਂ 'ਚ ਮਿਲ ਜਾਵੇਗਾ। ਪੰਚਾਇਤ ਵਿਭਾਗ ਵੱਲੋਂ ਵਿੱਤ ਵਿਭਾਗ ਨਾਲ ਰਸਮੀ ਪੱਤਰ ਵਿਹਾਰ ਕੀਤਾ ਜਾ ਰਿਹਾ ਸੀ ਅਤੇ ਹੁਣ ਵਿਭਾਗ ਨੇ ਹਾਮੀ ਭਰ ਦਿੱਤੀ ਹੈ। ਸੂਬੇ 'ਚ 5,228 ਸਰਪੰਚ ਉਹ ਹਨ ਜਿਨ੍ਹਾਂ ਦੀਆਂ ਪੰਚਾਇਤਾਂ ਕੋਲ ਆਮਦਨ ਦਾ ਕੋਈ ਵਸੀਲਾ ਨਹੀਂ ਹੈ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰਾਂ ਨੂੰ ਪੱਤਰ ਜਾਰੀ ਕਰ ਕੇ ਵਸੀਲਾ ਰਹਿਤ ਪੰਚਾਇਤਾਂ ਦਾ ਵੇਰਵਾ ਮੰਗਿਆ ਹੈ ਕਿ ਅਜਿਹੀਆਂ ਪੰਚਾਇਤਾਂ ਨੇ ਹੁਣ ਤੱਕ ਸਰਪੰਚਾਂ ਨੂੰ ਕਿੰਨਾ ਮਾਣ-ਭੱਤਾ ਦਿੱਤਾ ਹੈ। ਜਿਨ੍ਹਾਂ ਪੰਚਾਇਤਾਂ ਕੋਲ ਆਮਦਨੀ ਦੇ ਵਸੀਲੇ ਨਹੀਂ ਹਨ, ਉਨ੍ਹਾਂ ਦੇ ਸਰਪੰਚਾਂ ਨੂੰ ਭੱਤਾ ਦੇਣ ਲਈ ਕਿੰਨੇ ਬਜਟ ਦੀ ਲੋੜ ਹੈ। ਪੱਤਰ 'ਚ ਕਿਹਾ ਗਿਆ ਹੈ ਕਿ 5,228 ਪੰਚਾਇਤਾਂ ਦੇ ਪਿਛਲੇ ਸਰਪੰਚਾਂ ਨੂੰ ਦਸ ਸਾਲਾਂ ਦਾ ਮਾਣ-ਭੱਤਾ ਅਤੇ ਨਵੇਂ ਚੁਣੇ ਸਰਪੰਚਾਂ ਨੂੰ 31 ਮਾਰਚ 2026 ਤੱਕ ਦਾ ਮਾਣ-ਭੱਤਾ ਦਿੱਤਾ ਜਾਣਾ ਹੈ ਜਿਸ ਲਈ ਬਜਟ ਪ੍ਰਾਪਤ ਹੋ ਰਿਹਾ ਹੈ। ਪੰਚਾਇਤ ਵਿਭਾਗ ਨੇ ਹਫ਼ਤੇ ਅੰਦਰ ਸੂਚਨਾ ਇਕੱਤਰ ਕਰ ਕੇ ਬਜਟ ਅਲਾਟ ਕਰਨ ਦੀ ਹਾਮੀ ਭਰੀ ਹੈ। ਪੰਜਾਬ 'ਚ ਇਸ ਵੇਲੇ 13,236 ਪੰਚਾਇਤਾਂ ਹਨ, ਜਿਨ੍ਹਾਂ 'ਚੋਂ 8,008 ਪੰਚਾਇਤਾਂ ਕੋਲ ਆਪਣੇ ਆਮਦਨ ਦੇ ਵਸੀਲੇ ਹਨ। ਪੰਜਾਬ ਸਰਕਾਰ ਇਹ ਫ਼ੈਸਲਾ ਪਹਿਲਾਂ ਹੀ ਕਰ ਚੁੱਕੀ ਹੈ ਕਿ ਜਿਨ੍ਹਾਂ ਪੰਚਾਇਤਾਂ ਕੋਲ ਆਮਦਨੀ ਦੇ ਸਰੋਤ ਹਨ, ਉਨ੍ਹਾਂ ਪਿੰਡਾਂ ਦੇ ਸਰਪੰਚ ਪੰਚਾਇਤੀ ਆਮਦਨੀ 'ਚੋਂ ਹੀ ਮਾਣ-ਭੱਤਾ ਵਸੂਲ ਕਰਨਗੇ। ਇੱਕ ਤਰੀਕੇ ਨਾਲ ਸੂਬਾ ਸਰਕਾਰ ਅੱਠ ਹਜ਼ਾਰ ਸਰਪੰਚਾਂ ਨੂੰ ਮਾਣ-ਭੱਤਾ ਦੇਣ ਤੋਂ ਮੁਕਤ ਹੋ ਗਈ ਹੈ। ਪੰਜਾਬ ਦੇ ਸਾਬਕਾ ਸਰਪੰਚਾਂ ਨੇ ਮਾਣ-ਭੱਤਾ ਲੈਣ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਪਟੀਸ਼ਨ ਦਾਇਰ ਕੀਤੀ ਸੀ। ਪੰਚਾਇਤ ਵਿਭਾਗ ਦੇ ਸੀਨੀਅਰ ਅਧਿਕਾਰੀ ਨੇ 5,228 ਸਰਪੰਚਾਂ ਨੂੰ ਜਲਦ ਮਾਣ-ਭੱਤਾ ਮਿਲਣ ਦੀ ਪੁਸ਼ਟੀ ਕੀਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਪਿਛਲੇ ਸਾਲ 24 ਅਪਰੈਲ ਨੂੰ ਪੰਚਾਇਤ ਦਿਵਸ ਮੌਕੇ ਸਰਪੰਚਾਂ ਦਾ ਮਾਣ-ਭੱਤਾ 1200 ਰੁਪਏ ਤੋਂ ਵਧਾ ਕੇ 2000 ਰੁਪਏ ਮਾਸਿਕ ਕਰਨ ਦਾ ਐਲਾਨ ਕੀਤਾ ਸੀ।

# ਮੌਸਮੀ ਤਾਜ਼ਾ ਤਬਦੀਲੀ ਦੌਰਾਨ ਟ੍ਰਾਈਸਿਟੀ 'ਚ ਠੰਢੀ ਹਵਾ ਦੇ ਬੁੱਲੇ, Punjab ਲਈ ਅਲਰਟ ਜਾਰੀ



**ਚੰਡੀਗੜ੍ਹ :ਆਪਣਾ ਪੰਜਾਬ ਮੀਡੀਆ:** ਰਿਕਾਰਡ ਤੋੜ ਗਰਮੀ ਦੇ ਦਿਨਾਂ ਤੋਂ ਬਾਅਦ ਠੰਢੀ ਹਵਾ ਦੇ ਬੁੱਲਿਆਂ ਕਾਰਨ ਟ੍ਰਾਈਸਿਟੀ ਦੇ ਲੋਕਾਂ ਨੂੰ ਸ਼ੁੱਕਰਵਾਰ ਕੁੱਝ ਰਾਹਤ ਮਿਲੀ। ਚੰਡੀਗੜ੍ਹ, ਮੋਹਾਲੀ ਅਤੇ ਪੰਚਕੂਲਾ ਵਿੱਚ ਸਵੇਰੇ ਅਸਮਾਨ ਵਿੱਚ ਬੱਦਲ ਛਾਏ ਰਹੇ ਅਤੇ ਹਲਕੀ ਹਵਾ ਚੱਲੀ, ਜੋ ਸਵੇਰੇ 8:30 ਵਜੇ ਤੱਕ ਹਲਕੇ ਤੋਂ ਦਰਮਿਆਨੇ ਰੂਪ ਵਿੱਚ ਬਦਲ ਕੇ ਪੂਰੇ ਟ੍ਰਾਈਸਿਟੀ ਵਿੱਚ ਹਨ੍ਹੇਰੀ ਦੇ ਰੂਪ ਵਿੱਚ ਝੂਲਣ ਲੱਗੀ। ਧੂੜ ਨਾਲ ਭਰੀ ਹਵਾ ਨੇ, ਭਾਵੇਂ ਕਿ ਥੋੜ੍ਹੇ ਸਮੇਂ ਲਈ ਸੂਰਜ ਦੀ ਤਿੱਖੀ ਧੁੱਪ ਨੂੰ ਘੱਟ ਕੀਤਾ, ਪਰ ਹਾਲਾਤ ਨੂੰ ਸੁਖਾਵਾਂ ਬਣਾਉਣ ਵਿੱਚ ਕੋਈ ਖਾਸ ਮਦਦ ਨਹੀਂ ਕੀਤੀ। ਜ਼ਿਕਰਯੋਗ ਹੈ ਕਿ ਮੌਸਮ ਵਿਭਾਗ ਵੱਲੋਂ 27 ਮਈ ਤੱਕ ਆਰੇਂਜ ਅਲਰਟ ਜਾਰੀ ਹੈ। ਆਈਐੱਮਡੀ (IMD) ਨੇ ਸਵੇਰੇ 9 ਵਜੇ ਇੱਕ ਯੈਲੋ ਅਲਰਟ ਦੀ ਤਾਜ਼ਾ ਪੇਸ਼ੀਨਗੋਈ (nowcast) ਜਾਰੀ ਕਰਦਿਆਂ ਚਿਤਾਵਨੀ ਦਿੱਤੀ ਹੈ ਕਿ ਅਗਲੇ ਦੋ ਤੋਂ ਤਿੰਨ ਘੰਟਿਆਂ ਦੇ ਅੰਦਰ ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ 30 ਤੋਂ 40 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੇਜ਼ ਹਵਾਵਾਂ ਚੱਲਣ, ਗਰਜ-ਚਮਕ ਦੇ ਨਾਲ ਮੀਂਹ ਪੈਣ ਦੀ ਸੰਭਾਵਨਾ ਹੈ।

# ਸਫ਼ਾਈ ਕਰਮਚਾਰੀਆਂ ਨੇ ਇੱਕ ਮਹੀਨੇ ਲਈ ਹੜਤਾਲ ਕੀਤੀ ਮੁਲਤਵੀ

**ਚੰਡੀਗੜ੍ਹ : ਆਪਣਾ ਪੰਜਾਬ ਮੀਡੀਆ :** ਪੰਜਾਬ ਵਿੱਚ ਪਿਛਲੇ 15 ਦਿਨਾਂ ਤੋਂ ਚੱਲ ਰਹੀ ਸਫ਼ਾਈ ਅਤੇ ਮਿਉਂਸਿਪਲ ਕਰਮਚਾਰੀਆਂ ਦੀ ਹੜਤਾਲ ਨੂੰ ਇੱਕ ਮਹੀਨੇ ਲਈ ਮੁਲਤਵੀ ਕਰ ਦਿੱਤਾ ਗਿਆ ਹੈ।

ਇਹ ਫ਼ੈਸਲਾ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਸਥਾਨਕ ਸਰਕਾਰਾਂ ਮੰਤਰੀ ਹਰਜੋਤ ਸਿੰਘ ਬੈਂਸ ਨਾਲ ਹੋਈ ਮੀਟਿੰਗ ਤੋਂ ਬਾਅਦ ਲਿਆ ਗਿਆ। ਮੀਟਿੰਗ ਦੌਰਾਨ ਸਰਕਾਰ ਨੇ ਸਫ਼ਾਈ ਕਰਮਚਾਰੀਆਂ, ਸੀਵਰਮੈਨ, ਫਾਇਰਮੈਨ, ਡਰਾਈਵਰ ਅਤੇ ਹੋਰ ਕਰਮਚਾਰੀਆਂ ਨੂੰ ਤਿੰਨ ਸਾਲ ਦੀ ਸੇਵਾ ਮਗਰੋਂ



## ਮੰਤਰੀ ਚੀਮਾ ਤੇ ਬੈਂਸ ਨਾਲ ਮੀਟਿੰਗ ਮਗਰੋਂ ਮਿਉਂਸਿਪਲ ਐਕਸ਼ਨ ਕਮੇਟੀ ਦਾ ਫ਼ੈਸਲਾ

ਆਊਟਸੋਰਸ ਤੋਂ ਕੰਟਰੈਕਟ 'ਤੇ ਲਿਆਉਣ ਲਈ ਸਹਿਮਤੀ ਦਿੱਤੀ। ਕਲਰਕ ਅਤੇ ਕੰਪਿਊਟਰ ਅਪਰੇਟਰ ਵਰਗੇ ਕਰਮਚਾਰੀਆਂ ਲਈ ਪੰਜ ਸਾਲ ਦੀ ਸੇਵਾ ਦੀ ਸ਼ਰਤ ਰੱਖੀ ਗਈ ਹੈ। ਕੰਟਰੈਕਟ ਕਰਮਚਾਰੀਆਂ ਨੂੰ ਰੈਗੂਲਰ ਕਰਨ ਅਤੇ ਤਨਖ਼ਾਹ ਵਾਧੇ ਸਬੰਧੀ ਮਸਲਿਆਂ ਲਈ ਮੰਤਰੀ ਬੈਂਸ ਦੀ ਅਗਵਾਈ ਹੇਠ ਕਮੇਟੀ ਬਣਾਈ ਗਈ ਹੈ, ਜੋ 30 ਦਿਨਾਂ ਵਿੱਚ ਰਿਪੋਰਟ ਦੇਵੇਗੀ। ਐਕਸ਼ਨ ਕਮੇਟੀ ਨੇ ਚੇਤਾਵਨੀ ਦਿੱਤੀ ਕਿ ਜੇ ਮੰਗਾਂ ਪੂਰੀਆਂ ਨਾ ਹੋਈਆਂ ਤਾਂ ਇੱਕ ਮਹੀਨੇ ਬਾਅਦ ਮੁੜ ਅਣਮਿੱਥੇ ਸਮੇਂ ਲਈ ਹੜਤਾਲ ਸ਼ੁਰੂ ਕੀਤੀ ਜਾਵੇਗੀ।




Copyright: Apna Punjab Media 2025-26
Graphic & Design: Apna Punjab Media Team



ਸੱਚ ਦੀ ਆਵਾਜ਼
# ਆਪਣਾ ਪੰਜਾਬ
BILINGUAL
ESTD. 2005
*Journalism With Guts to Tell It Like It Is!*

Google apna punjab media

COVERING DIASPORA INTERNATIONALLY
APNA PUNJAB media.tv HD
CORPORATE OFFICE : NEWYORK - CHANDIGARH

Founder & Chief Editor : Gurmit Singh
1 516 989 8001 | 1 631 835 8000

Follow Us On /apnapunjabmedia

www.apnapunjabmedia.com newsroom@apnapunjabmedia.com




ੴ ਸਤਿਗੁਰ ਪ੍ਰਸਾਦਿ ॥

ਜਪਿਓ ਜਿਨ ਅਰਜੁਨ ਦੇਵ ਗੁਰੂ, ਫਿਰ ਸੰਕਟ ਜੋਨ ਗਰਭ ਨਾ ਆਇਓ।।

# ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ ਆਫ ਨਿਊਯਾਰਕ ਵੱਲੋਂ

## ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਆਫ ਨਿਊਯਾਰਕ ਵਿਖੇ

ਮਹਾਨ ਤਪੱਸਵੀ, ਯੁੱਗ ਪੁਰਸ਼, ਵਿੱਦਿਆ ਦੇ ਦਾਨੀ ਅਤੇ ਉੱਘੇ ਸਮਾਜ ਸੇਵਕ



## ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 76ਵੀਂ ਬਰਸੀ

## ਸੰਤ ਰੋਸ਼ਨ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੀ ਦੂਸਰੀ ਬਰਸੀ

ਉਨਾਂ ਦੀ ਮਿੱਠੀ ਪਿਆਰੀ ਯਾਦ ਨੂੰ ਸਮਰਪਿਤ



**ਆਰੰਭ ਸ੍ਰੀ ਅਖੰਡ ਪਾਠ ਸਾਹਿਬ**
29 ਮਈ 2026 ਦਿਨ ਸ਼ੁੱਕਰਵਾਰ
ਸਵੇਰੇ 10.30 ਵਜੇ

**ਭੋਗ ਸ੍ਰੀ ਅਖੰਡ ਪਾਠ ਸਾਹਿਬ**
31 ਮਈ 2026 ਦਿਨ ਐਤਵਾਰ
ਸਵੇਰੇ 10.00 ਵਜੇ

# ਸਾਲਾਨਾ ਜੋੜ ਮੇਲਾ

ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬਹੁਤ ਹੀ ਸ਼ਰਧਾ ਭਾਵਨਾ ਅਤੇ ਸਤਿਕਾਰ ਸਹਿਤ ਮਨਾਇਆ ਜਾ ਰਿਹਾ ਹੈ।

ਭੋਗ ਉਪਰੰਤ ਰਾਗੀ ਢਾਡੀ ਜਥੇ, ਕਥਵਾਚਕ ਅਤੇ ਕਵਿਸ਼ਰੀ ਜਥੇ, ਕੀਰਤਨੀ ਜਥੇ, ਕੀਰਤਨ, ਢਾਡੀ ਵਾਰਾਂ, ਕਥਾ ਅਤੇ ਕਵਿਸ਼ਰੀ ਰਾਹੀਂ ਸੰਗਤਾਂ ਨੂੰ ਨਿਹਾਲ ਕਰਣਗੇ।

## ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ, ਨਿਊਯਾਰਕ







## ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ, ਨਿਊਯਾਰਕ






Photo : Baldev Singh Bj Studio 1 646 403 7334

EDITED & GRAPHIC BY : APNA PUNJAB MEDIA TEAM 1 516 989 8001

ਅਪੀਲ : ਟਰਾਈ ਸਟੇਟ ਦੀਆਂ ਸਮੂਹ ਸੰਗਤਾਂ ਨੂੰ ਅਪੀਲ ਹੈ ਕਿ ਇਨ੍ਹਾਂ ਸਮਾਗਮਾਂ 'ਚ ਪਰਿਵਾਰ ਸਮੇਤ ਹਾਜ਼ਰੀਆਂ ਭਰ ਕੇ ਗੁਰੂ ਜੀ ਦੀਆਂ ਖੁਸ਼ੀਆਂ ਤੇ ਬਖਸ਼ਿਸ਼ਾਂ ਪ੍ਰਾਪਤ ਕਰੋ ਅਤੇ ਸੰਤਾਂ ਨੂੰ ਆਪਣੇ ਸ਼ਰਧਾ ਦੇ ਫੁੱਲ ਭੇਟ ਕਰੋ ਜੀ

## ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ, ਨਿਊਯਾਰਕ








**ਨੋਟ :** ਗੁਰੂ ਘਰ ਦੇ ਬਾਹਰ ਖਾਣ ਪੀਣ ਦੀਆਂ ਵਸਤਾਂ ਦੇ ਸਟਾਲ ਲਗਾਏ ਜਾਣਗੇ..



Copyright: Apna Punjab Media 2025-26

# Punjab government ਨੂੰ 30 ਜੂਨ ਤੱਕ ਦੇਣਾ ਹੋਵੇਗਾ DA

## 7.5 ਲੱਖ ਕਰਮਚਾਰੀਆਂ ਤੇ ਪੈਨਸ਼ਨਰਾਂ ਨੂੰ ਆਈ ਏ ਐੱਸ, ਆਈ ਪੀ ਐੱਸ ਤੇ ਨਿਆਂਇਕ ਅਧਿਕਾਰੀਆਂ ਦੇ ਬਰਾਬਰ ਮਿਲੇਗਾ ਮਹਿੰਗਾਈ ਭੱਤਾ



**ਚੰਡੀਗੜ੍ਹ :ਆਪਣਾ ਪੰਜਾਬ ਮੀਡੀਆ:** ਪੰਜਾਬ ਸਰਕਾਰ ਨੂੰ ਹਾਈ ਕੋਰਟ ਵਿੱਚ ਵੱਡਾ ਝਟਕਾ ਲੱਗਾ ਹੈ। ਸੂਬਾ ਸਰਕਾਰ ਨੂੰ ਹੁਣ 30 ਜੂਨ ਤੱਕ 7.5 ਲੱਖ ਕਰਮਚਾਰੀਆਂ ਤੇ ਪੈਨਸ਼ਨਰਾਂ ਨੂੰ ਆਈ ਏ ਐੱਸ, ਆਈ ਪੀ ਐੱਸ ਤੇ ਨਿਆਂਇਕ ਅਧਿਕਾਰੀਆਂ ਦੇ ਬਰਾਬਰ ਮਹਿੰਗਾਈ ਭੱਤਾ (ਡੀ ਏ) ਦੇਣਾ ਹੋਵੇਗਾ। ਕਾਬਿਲੇਗ਼ੌਰ ਹੈ ਕਿ 200 ਦੇ ਕਰੀਬ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਹਾਈ ਕੋਰਟ ਦਾ ਰੁਖ਼ ਕਰਦਿਆਂ ਆਈ ਏ੍ਐਸ, ਆਈ ਪੀ ਐੱਸ ਤੇ ਨਿਆਂਇਕ ਅਧਿਕਾਰੀਆਂ ਦੇ ਬਰਾਬਰ ਮਹਿੰਗਾਈ ਭੱਤਾ ਦੇਣ ਦੀ ਮੰਗ ਕੀਤੀ ਸੀ। ਹਾਈ ਕੋਰਟ ਨੇ ਮਹੀਨਾ ਪਹਿਲਾਂ ਸੂਬਾ ਸਰਕਾਰ ਨੂੰ ਇਸ ਸਬੰਧੀ ਹੁਕਮ ਵੀ ਦਿੱਤੇ ਸਨ। ਪੰਜਾਬ ਸਰਕਾਰ ਨੇ ਇਨ੍ਹਾਂ ਹੁਕਮਾਂ ਖ਼ਿਲਾਫ਼ ਪਟੀਸ਼ਨ ਦਾਇਰ ਕੀਤੀ ਸੀ, ਜਿਸ ਨੂੰ ਹਾਈ ਕੋਰਟ ਨੇ ਰੱਦ ਕਰ ਦਿੱਤਾ ਹੈ। ਸਰਕਾਰੀ ਰਿਪੋਰਟ ਮੁਤਾਬਕ ਪੰਜਾਬ ਵਿੱਚ ਸਾਢੇ ਤਿੰਨ ਲੱਖ ਰੈਗੂਲਰ ਮੁਲਾਜ਼ਮ ਹਨ, ਜਦੋਂਕਿ ਪੈਨਸ਼ਨਰਾਂ ਦੀ ਗਿਣਤੀ 4 ਲੱਖ ਤੋਂ ਵੱਧ ਹੈ। ਸਰਕਾਰੀ ਅੰਕੜਿਆਂ ਮੁਤਾਬਕ ਪੰਜਾਬ ਵਿੱਚ ਸਾਰੇ ਆਈ ਏ ਐੱਸ ਤੇ ਆਈ ਪੀ ਐੱਸ ਅਧਿਕਾਰੀਆਂ ਨੂੰ 58 ਫ਼ੀਸਦੀ ਜਦੋਂਕਿ ਸਰਕਾਰੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ 42 ਫ਼ੀਸਦ ਡੀ ਏ ਮਿਲਦਾ ਹੈ।

# ਵਿਆਹ ਲਈ ਕੁੜੀ ਦੀ ਚੁੱਪੀ ਹੀ ਕਾਫ਼ੀ Taliban ਦੇ ਫ਼ੈਸਲੇ 'ਤੇ UN ਚਿੰਤਤ



**ਕਾਬੁਲ : ਆਪਣਾ ਪੰਜਾਬ ਮੀਡੀਆ :** United Nations ਨੇ ਅਫ਼ਗਾਨਿਸਤਾਨ ਦੀ Taliban ਸਰਕਾਰ ਵੱਲੋਂ ਲਿਆਂਦੇ ਗਏ ਨਵੇਂ ਕਾਨੂੰਨ 'ਤੇ ਡੂੰਘੀ ਚਿੰਤਾ ਜਤਾਈ ਹੈ।

ਸੰਯੁਕਤ ਰਾਸ਼ਟਰ ਦਾ ਕਹਿਣਾ ਹੈ ਕਿ ਇਸ ਕਾਨੂੰਨ ਨਾਲ ਬਾਲ ਵਿਆਹ ਅਤੇ ਔਰਤਾਂ ਖ਼ਿਲਾਫ਼ ਪੱਖਪਾਤ ਨੂੰ ਹੋਰ ਵਧਾਵਾ ਮਿਲ ਸਕਦਾ ਹੈ, ਜਿਸ ਕਾਰਨ ਕੁੜੀਆਂ ਦੇ ਅਧਿਕਾਰਾਂ 'ਤੇ ਗੰਭੀਰ ਅਸਰ ਪੈ ਸਕਦਾ ਹੈ। ਤਾਲਿਬਾਨ ਸਰਕਾਰ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਇਹ ਕਾਨੂੰਨ ਪੂਰੀ ਤਰ੍ਹਾਂ ਇਸਲਾਮੀ ਸਿਧਾਂਤਾਂ ਦੇ ਅਨੁਸਾਰ ਬਣਾਇਆ ਗਿਆ ਹੈ। ਸਰਕਾਰ ਦਾ ਦਾਅਵਾ ਹੈ ਕਿ ਅਫ਼ਗਾਨਿਸਤਾਨ ਵਿੱਚ ਜਬਰਨ ਵਿਆਹ 'ਤੇ ਪਹਿਲਾਂ ਹੀ ਪਾਬੰਦੀ ਲਾਗੂ ਹੈ ਅਤੇ ਨਵਾਂ ਕਾਨੂੰਨ ਪਰਿਵਾਰਕ ਮਸਲਿਆਂ ਨੂੰ ਨਿਯਮਤ ਕਰਨ ਲਈ ਲਿਆਂਦਾ ਗਿਆ ਹੈ। ਅਫ਼ਗਾਨਿਸਤਾਨ ਵਿੱਚ United Nations Assistance Mission in Afghanistan (UNAMA) ਵੱਲੋਂ ਜਾਰੀ ਬਿਆਨ ਅਨੁਸਾਰ, ਤਾਲਿਬਾਨ ਦੇ ਨਿਆਂ ਮੰਤਰਾਲੇ ਨੇ ਪਿਛਲੇ ਹਫ਼ਤੇ 'ਹੁਕਮ ਨੰਬਰ 18' ਜਾਰੀ ਕੀਤਾ ਸੀ। ਇਸ ਵਿੱਚ ਪਤੀ-ਪਤਨੀ ਦੇ ਵੱਖ ਹੋਣ ਅਤੇ ਤਲਾਕ ਨਾਲ ਸਬੰਧਤ ਨਿਯਮ ਤੈਅ ਕੀਤੇ ਗਏ ਹਨ। ਭ ਤੋਂ ਵੱਧ ਵਿਵਾਦ ਇਸ ਗੱਲ ਨੂੰ ਲੈ ਕੇ ਖੜ੍ਹਾ ਹੋਇਆ ਹੈ ਕਿ ਜੇਕਰ ਕੋਈ ਕੁੜੀ ਜਵਾਨੀ ਦੀ ਉਮਰ ਵਿੱਚ ਦਾਖਲ ਹੋ ਚੁੱਕੀ ਹੋਵੇ, ਤਾਂ ਵਿਆਹ ਸਮੇਂ ਉਸ ਦੀ "ਚੁੱਪੀ" ਨੂੰ ਵੀ ਉਸ ਦੀ ਸਹਿਮਤੀ ਮੰਨਿਆ ਜਾ ਸਕੇਗਾ। ਮਨੁੱਖੀ ਅਧਿਕਾਰ ਸੰਸਥਾਵਾਂ ਅਤੇ ਅੰਤਰਰਾਸ਼ਟਰੀ ਧਿਰਾਂ ਨੇ ਇਸ ਨਿਯਮ ਨੂੰ ਔਰਤਾਂ ਦੀ ਆਜ਼ਾਦੀ ਅਤੇ ਅਧਿਕਾਰਾਂ ਲਈ ਖ਼ਤਰਨਾਕ ਕਰਾਰ ਦਿੱਤਾ ਹੈ। ਸੰਯੁਕਤ ਰਾਸ਼ਟਰ ਨੇ ਚੇਤਾਵਨੀ ਦਿੱਤੀ ਹੈ ਕਿ ਇਸ ਤਰ੍ਹਾਂ ਦੇ ਕਾਨੂੰਨ ਅਫ਼ਗਾਨਿਸਤਾਨ ਵਿੱਚ ਪਹਿਲਾਂ ਹੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੀਆਂ ਮਹਿਲਾਵਾਂ ਅਤੇ ਕੁੜੀਆਂ ਦੀ ਸਥਿਤੀ ਨੂੰ ਹੋਰ ਨਾਜ਼ੁਕ ਬਣਾ ਸਕਦੇ ਹਨ।

# Jathedar Gargaj ਤੇ ਧਾਮੀ ਵੱਲੋਂ Governor ਨਾਲ ਬੰਦ ਕਮਰਾ ਮੀਟਿੰਗ

## ਰਾਜਪਾਲ ਨੂੰ ਐਕਟ ਦੀਆਂ ਵਿਵਾਦਤ ਮੱਦਾਂ ਬਾਰੇ ਦਿੱਤੀ ਜਾਣਕਾਰੀ; ਰਾਜਪਾਲ ਨੇ ਮੁੱਖ ਮੰਤਰੀ ਨਾਲ ਗੱਲਬਾਤ ਕਰਨ ਦਾ ਭਰੋਸਾ ਦਿੱਤਾ



**ਲੁਧਿਆਣਾ:ਆਪਣਾਪੰਜਾਬ ਮੀਡੀਆ :** Shiromani Gurdwara Parbandhak Committee ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ Kuldeep Singh Gargaj ਨੇ ਅੱਜ Gulab Chand Kataria ਨਾਲ ਬੰਦ ਕਮਰਾ ਮੀਟਿੰਗ ਕਰਕੇ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026 ਸਬੰਧੀ ਸਿੱਖ ਪੰਥ ਦੀਆਂ ਇਤਰਾਜ਼ਾਂ ਅਤੇ ਚਿੰਤਾਵਾਂ ਤੋਂ ਜਾਣੂ ਕਰਵਾਇਆ। ਇਹ ਮਹੱਤਵਪੂਰਨ ਮੁਲਾਕਾਤ Gurdwara Sri Manji Sahib Patshahi Dasvin ਵਿਖੇ ਹੋਈ, ਜਿੱਥੇ ਰਾਜਪਾਲ ਕਟਾਰੀਆ ਨਤਮਸਤਕ ਹੋਣ ਲਈ ਪਹੁੰਚੇ ਸਨ। ਮੀਟਿੰਗ ਦੌਰਾਨ ਜਥੇਦਾਰ ਗੜ੍ਹਗੱਜ ਅਤੇ ਧਾਮੀ ਨੇ ਕਿਹਾ ਕਿ ਸੋਧੇ ਗਏ ਕਾਨੂੰਨ ਵਿੱਚ ਕਈ ਅਜਿਹੇ ਬਿੰਦੂ ਹਨ ਜੋ ਸਿੱਖ ਭਾਵਨਾਵਾਂ ਨਾਲ ਜੁੜੇ ਹੋਏ ਹਨ ਅਤੇ ਪੰਥਕ ਪੱਧਰ 'ਤੇ ਇਸ ਨੂੰ ਲੈ ਕੇ ਗੰਭੀਰ ਚਿੰਤਾਵਾਂ ਸਾਹਮਣੇ ਆ ਰਹੀਆਂ ਹਨ। ਉਨ੍ਹਾਂ ਮੰਗ ਕੀਤੀ ਕਿ ਸਿੱਖ ਸੰਸਥਾਵਾਂ ਅਤੇ ਧਾਰਮਿਕ ਆਗੂਆਂ ਨਾਲ ਸਲਾਹ-ਮਸ਼ਵਰਾ ਕਰਕੇ ਹੀ ਇਸ ਮਾਮਲੇ ਦਾ ਹੱਲ ਕੱਢਿਆ ਜਾਵੇ। ਇਸ ਮੌਕੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਕਾਨੂੰਨ ਬਣਨ ਤੋਂ ਬਾਅਦ ਲਗਾਤਾਰ ਵੱਖ-ਵੱਖ ਧਿਰਾਂ ਵੱਲੋਂ ਟਿੱਪਣੀਆਂ ਅਤੇ ਪ੍ਰਤੀਕਿਰਿਆਵਾਂ ਆ ਰਹੀਆਂ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਉਹ ਇਸ ਸੰਵੇਦਨਸ਼ੀਲ ਮਾਮਲੇ 'ਤੇ ਪੰਜਾਬ ਦੇ ਮੁੱਖ ਮੰਤਰੀ Bhagwant Mann ਨਾਲ ਗੱਲਬਾਤ ਕਰਨਗੇ ਤਾਂ ਜੋ ਸਿੱਖ ਭਾਵਨਾਵਾਂ ਅਨੁਸਾਰ ਢੁੱਕਵਾਂ ਹੱਲ ਲੱਭਿਆ ਜਾ ਸਕੇ। ਰਾਜਪਾਲ ਕਟਾਰੀਆ ਅੱਜ ਸਵੇਰੇ ਇਤਿਹਾਸਕ ਗੁਰਦੁਆਰਾ ਸਾਹਿਬ ਵਿਖੇ ਕਰੀਬ 50 ਮਿੰਟ ਰਹੇ। ਇਸ ਦੌਰਾਨ ਐਸਜੀਪੀਸੀ ਪ੍ਰਧਾਨ ਧਾਮੀ, ਸ਼੍ਰੋਮਣੀ ਕਮੇਟੀ ਮੈਂਬਰ ਚਰਨ ਸਿੰਘ ਆਲਮਗੀਰ ਅਤੇ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਰਾਜਪਾਲ ਦਾ ਸਵਾਗਤ ਕੀਤਾ ਗਿਆ।


DIGITAL PHOTO & VIDEO
NEWYORK USA
646-403-7334
116-12 101 Ave, South Richmond Hill, NY 11419
A COMPLETE SOLUTION OF 4K & FULL HD VIDEOS & DIGITAL PHOTOS
718-441-6516
OUR SERVICES
Wedding Photography
Ring Ceremony
Birthday Photography
ALL Other Function
Sweet Sixteen
Kids Photography

bj_video@yahoo.com
www.bjphotography.com




Copyright: Apna Punjab Media 2025-26
Graphic & Design: Apna Punjab Media Team

ੴ ਸਤਿਗੁਰ ਪ੍ਰਸਾਦਿ

ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ

# 76ਵੀਂ ਸਾਲਾਨਾ ਬਰਸੀ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ ਅਤੇ ਸੰਤ ਬਾਬਾ ਰੋਸ਼ਨ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੀ ਦੂਜੀ

ਬਰਸੀ 19,20 ਤੇ 21 ਜੂਨ 2026 ਨੂੰ


ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ

ਸੰਤ ਬਾਬਾ ਪ੍ਰੇਮ ਸਿੰਘ ਸੇਵਾ ਸੁਸਾਇਟੀ ਆਫ ਲਾਂਗ ਆਇਲੈਂਡ ਵੱਲੋਂ ਗੁਰਦੁਆਰਾ ਗੁਰੂ ਨਾਨਕ ਦਰਬਾਰ ਹਿੱਕਸਵਿਲ ਵਿਖੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ।


ਸੰਤ ਬਾਬਾ ਰੋਸ਼ਨ ਸਿੰਘ ਜੀ ਹੋਤੀ ਮਰਦਾਨ ਵਾਲੇ

## ਇਸ ਦੇ ਨਾਲ ਹੀ ਸੰਤ ਬਾਬਾ ਰੋਸ਼ਨ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੀ ਦੂਜੀ ਬਰਸੀ ਵੀ ਮਨਾਈ ਜਾ ਰਹੀ ਹੈ।

**ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ**
ਜੂਨ 19, 2025 ਦਿਨ ਸੁਕਰਵਾਰ ਸਵੇਰੇ 10:00 ਵਜੇ

**ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ**
ਜੂਨ 21, 2025 ਦਿਨ ਐਤਵਾਰ ਸਵੇਰੇ 9:00 ਤੋਂ 10:00 ਵਜੇ

ਉਪ੍ਰੰਤ 3:00 ਵਜੇ ਤੱਕ ਦੀਵਾਨ ਸਜਣਗੇ।
ਲੰਗਰ ਦੀ ਸੇਵਾ ਤਿਨ ਦਿਨ ਅੱਤੁਟ ਕੀਤੀ ਜਾਵੇਗੀ।

ਸਮੂਹ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਗੁਰੂ ਘਰ ਵਿਖੇ ਪਹੁੰਚ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ



**ਐਤਵਾਰ 21 ਜੂਨ ਵਿਸ਼ੇਸ਼ ਸਮਾਗਮ**
ਜਿਸ ਵਿਚ ਪੰਥ ਪ੍ਰਸਿੱਧ ਰਾਗੀ ਜਥੇ ਅਤੇ ਪ੍ਰਚਾਰਕ ਹਾਜ਼ਰੀ ਭਰਨਗੇ।


ਗਿ.ਰਣਜੀਤ ਸਿੰਘ ਜੀ ਹੈਡ ਗ੍ਰੰਥੀ ਗੁਰਦੁਆਰਾ ਬੰਗਲਾ ਸਾਹਿਬ


ਭਾਈ ਸੁਖਵੰਤ ਸਿੰਘ ਜੀ ਹਜ਼ੂਰੀ ਰਾਗੀ


ਢਾਡੀ ਜੱਥਾ ਭਾਈ ਮੋਹਨ ਸਿੰਘ ਜੀ ਵਡਾਲਾ


ਗਿ. ਸਰਬਜੀਤ ਸਿੰਘ ਜੀ ਔਲਖ


ਰਾਗੀ ਜਥਾ ਸਤਵਿੰਦਰ ਸਿੰਘ ਜੀ ਹਜ਼ੂਰੀ ਰਾਗੀ


ਭਾਈ ਅਨੰਦ ਸਿੰਘ ਜੀ


ਗਿਆਨੀ ਕੁਲਦੀਪ ਸਿੰਘ

## ਐਤਵਾਰ 21 ਜੂਨ ਨੂੰ ਲੰਗਰ, ਫਲ ਫਰੂਟ, ਗੋਲਗੱਪੇ, ਜਲੇਬੀਆਂ, ਪੀਜ਼ੇ, ਛੋਲੇ ਭਠੂਰੇ, ਆਲੂ ਟਿਕੀ, ਸਰਸੋਂ ਦਾ ਸਾਗ ਤੇ ਮੱਕੀ ਦੀ ਰੋਟੀ, ਦਹੀਂ ਭਲੇ, ਆਇਸਕ੍ਰੀਮ ਦੀ ਸੇਵਾ ਸਟਾਲਾਂ ਰਾਹੀ ਅਤੁੱਟ ਕੀਤੀ ਜਾਵੇਗੀ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ : Rajinder Singh: 347 612 6521 Sukhwinder Singh: 917 292 7419 Gurdwara: 516-933-4878

ਨੋਟ - ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ 21 ਜੂਨ ਦਿਨ ਐਤਵਾਰ ਆਪਣੀਆਂ ਗੱਡੀਆਂ ਸਰਕਾਰੀ ਪਾਰਕਿੰਗ ਲਾਟ ਵਿੱਚ ਖੜ੍ਹੀਆਂ ਕਰਕੇ ਆਉਣਾ ਜੀ।

**GURU NANAK DARBAR OF LONG ISLAND**
11 N BROADWAY, HICKSVILLE, NY 11801 TEL: (516) 933-4878

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Founder & Chief Editor: Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE:
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com



# ਗੁਰਦੁਆਰਾ ਸਿੱਖ ਸੈਂਟਰ ਕਿਉਨਜ਼ ਵਿਲੇਜ਼ ਤੇ ਫਲਸ਼ਿੰਗ ਦੀ ਚੋਣ ਸੰਪਨ

## ਨਵੀਂ ਕਮੇਟੀ ਨੂੰ ਸੰਗਤ ਨਾਲ ਕਰਵਾਇਆ ਗਿਆ ਰੂਬਰੂ

PHOTO & REPORT BY: APNA PUNJAB MEDIA TEAM 1 516 989 8001

**ਨਿਊਯਾਰਕ : ਆਪਣਾ ਪੰਜਾਬ ਮੀਡੀਆ:** ਗੁਰਦੁਆਰਾ ਸਿੱਖ ਸੈਂਟਰ ਕਿਉਨਜ਼ ਵਿਲੇਜ਼ ਅਤੇ ਸਿੱਖ ਸੈਂਟਰ ਫਲਸ਼ਿੰਗ ਦੀ ਚੋਣ ਬੀਤੇ ਹਫ਼ਤੇ ਸ਼ਾਂਤੀਪੂਰਨ ਮਾਹੌਲ ਵਿੱਚ ਸੰਪੰਨ ਹੋਈ। ਇਸ ਮੌਕੇ







ਬੀਤੇ ਐਤਵਾਰ ਨਵੀਂ ਚੁਣੀ ਗਈ ਕਮੇਟੀ ਨੂੰ ਸੰਗਤ ਨਾਲ ਰੂਬਰੂ ਕਰਵਾਇਆ ਗਿਆ। ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਸੰਗਤ ਨੇ ਹਾਜ਼ਰੀ ਭਰੀ ਅਤੇ ਨਵੀਂ ਬਣੀ ਕਮੇਟੀ ਨੂੰ ਵਧਾਈ ਦਿੱਤੀ।

ਨਵੀਂ ਕਮੇਟੀ ਵਿੱਚ ਸ. ਜਿੰਦਰ ਸਿੰਘ ਨੂੰ ਪ੍ਰਧਾਨ, ਸੁਰਿੰਦਰ ਸਿੰਘ ਵਿਰਕ ਨੂੰ ਵਾਈਸ ਪ੍ਰਧਾਨ ਅਤੇ ਲਖਵੀਰ ਸਿੰਘ ਮਿਨਹਾਸ ਨੂੰ ਚੇਅਰਮੈਨ ਦੀ ਜ਼ਿੰਮੇਵਾਰੀ ਸੌਂਪੀ ਗਈ। ਇਸ ਤੋਂ ਇਲਾਵਾ ਲਖਵਿੰਦਰ ਸਿੰਘ ਨੂੰ ਫਲਸ਼ਿੰਗ ਗੁਰੂਘਰ ਦਾ ਖਜਾਨਚੀ ਅਤੇ ਚਰਨਜੀਤ ਸਿੰਘ ਸਰਾ ਸਮਾਰਾ ਨੂੰ ਕਿਉਨਜ਼ ਵਿਲੇਜ਼ ਗੁਰੂਘਰ ਦਾ ਖਜਾਨਚੀ ਨਿਯੁਕਤ ਕੀਤਾ ਗਿਆ। ਕਮੇਟੀ ਵਿੱਚ ਚਰਨਜੀਤ ਸਿੰਘ ਨੂੰ ਜਨਰਲ ਸਕੱਤਰ ਕਿਉਨਜ਼ ਵਿਲੇਜ਼ ਅਤੇ ਮੱਖਣ ਸਿੰਘ ਲੁਬਾਣਾ ਨੂੰ ਜਨਰਲ ਸਕੱਤਰ ਫਲਸ਼ਿੰਗ ਦੀ ਸੇਵਾ ਦਿੱਤੀ ਗਈ। ਭੁਪਿੰਦਰ ਸਿੰਘ ਜਸਵਾਲ ਨੂੰ ਰਿਸਰਚ ਅਤੇ ਕਲਚਰਲ ਪ੍ਰੋਗਰਾਮਾਂ ਦੀ ਜ਼ਿੰਮੇਵਾਰੀ ਸੌਂਪੀ ਗਈ। ਇਲੈਕਸ਼ਨ ਕਮੇਟੀ ਵਿੱਚ ਹਿੰਮਤ ਸਿੰਘ ਨੂੰ ਇਲੈਕਸ਼ਨ ਕਮਿਸ਼ਨਰ ਚੁਣਿਆ ਗਿਆ, ਜਦਕਿ ਪਰਦੀਪ ਸਿੰਘ ਮਿਨਹਾਸ, ਮਨਦੀਪ ਸਿੰਘ ਨੂੰ ਵੀ ਕਮੇਟੀ ਵਿੱਚ ਸ਼ਾਮਲ ਕੀਤਾ ਗਿਆ। ਲੰਗਰ ਸੇਵਾ ਲਈ ਫਲਸ਼ਿੰਗ ਗੁਰੂਘਰ ਵੱਲੋਂ ਅਜੀਤ ਸਿੰਘ ਭਟਨੂਰਾ ਅਤੇ ਕਿਉਨਜ਼ ਵਿਲੇਜ਼ ਵੱਲੋਂ ਬੀਬੀ ਗੁਰਿੰਦਰ ਕੌਰ ਅਤੇ ਬੀਬੀ ਜਸਵੰਤ ਕੌਰ ਨੂੰ ਇੰਚਾਰਜ ਨਿਯੁਕਤ ਕੀਤਾ ਗਿਆ।

ਟਰੱਸਟੀ ਵਜੋਂ ਸਰਜਿੰਦਰ ਸਿੰਘ ਮਿਨਹਾਸ, ਪਰਮਿੰਦਰ ਸਿੰਘ ਬਿੱਲਾ, ਬਲਵਿੰਦਰ ਸਿੰਘ, ਮਨਜੀਤ ਸਿੰਘ ਵਾਸੀ ਅਤੇ ਹਰਦੀਪ ਸਿੰਘ ਦੀ ਚੋਣ ਕੀਤੀ ਗਈ। ਇਸ ਰੂਬਰੂ ਉਪਰੰਤ ਪਹਿਲੇ ਪ੍ਰਧਾਨ ਭਾਈ ਬਲਵਿੰਦਰ ਸਿੰਘ ਨੇ ਆਪਣੇ ਦੋ ਸਾਲਾਂ ਕਾਰਜਕਾਲ ਦੌਰਾਨ ਕੀਤੇ ਕੰਮਾਂ ਦਾ ਵੇਰਵਾ ਸੰਗਤ ਨਾਲ ਸਾਂਝਾ ਕੀਤਾ ਅਤੇ ਸਹਿਯੋਗ ਲਈ ਧੰਨਵਾਦ ਪ੍ਰਗਟਾਇਆ। ਇਸ ਤੋਂ ਬਾਅਦ ਸਿੱਖ ਕਲਚਰਲ ਸੋਸਾਇਟੀ ਦੇ ਪ੍ਰਧਾਨ ਦਵਿੰਦਰ ਸਿੰਘ ਬੋਪਾਰਾਏ , ਗੁਰਦੇਵ ਸਿੰਘ ਕੰਗ, ਹਰਬੰਸ ਸਿੰਘ ਦਿੱਲੋਂ ਅਤੇ ਹੋਰ ਮੈਂਬਰਾਂ ਵੱਲੋਂ ਨਵੀਂ ਕਮੇਟੀ ਨੂੰ ਸੁਚੱਜੇ ਢੰਗ ਨਾਲ ਸੇਵਾ ਨਿਭਾਉਣ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਸਮਾਗਮ ਦੇ ਅੰਤ ਵਿੱਚ ਸਾਬਕਾ ਪ੍ਰਧਾਨ ਤਰਲੋਚਨ ਸਿੰਘ ਭੱਟੀ ਨੇ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਭਾਈ ਬਲਵਿੰਦਰ ਸਿੰਘ ਨੇ ਤਰਲੋਚਨ ਸਿੰਘ ਭੱਟੀ ਨੂੰ ਸਰੋਪਾ ਭੇਟ ਕਰਕੇ ਸਨਮਾਨਿਤ ਕੀਤਾ ਅਤੇ ਉਨ੍ਹਾਂ ਦੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਦਸ ਦਈਏ ਕਿ ਨਵੀ ਬਣੀ ਕਮੇਟੀ ਵਲੋਂ ਆਈਆਂ ਹੋਈਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਆਉਣ ਵਾਲੇ ਸਮੇ ਵਿਚ ਵਾਧੇ ਪੱਧਰ ਤੇ ਸਮਾਗਮ ਕਰਵਾਉਣ ਅਤੇ ਸੰਗਤਾਂ ਦੇ ਸਹਿਯੋਗ ਨਾਲ ਸਿੱਖੀ ਪ੍ਰਚਾਰ ਪਸਾਰ ਕਰਨ ਸਬੰਧੀ ਆਪਣੀ ਵਚਨਬੱਧਤਾ ਦੋਹਰਾਈ।


Copyright: Apna Punjab Media 2025-26

# ਕੈਨੇਡੀਅਨ ਸੰਸਦ ਮੈਂਬਰਾਂ ਦੇ ਤਾਈਵਾਨ ਦੌਰੇ 'ਤੇ ਰੋਕ ਲਗਾਉਣਾ ਚਾਹੁੰਦਾ ਹੈ ਚੀਨ : ਮਾਈਕਲ ਚੌਂਗ



**ਓਟਵਾ:ਆਪਣਾ ਪੰਜਾਬ ਮੀਡੀਆ:** ਕੰਜ਼ਰਵੇਟਿਵ ਐਮਪੀ ਅਤੇ ਵਿਦੇਸ਼ੀ ਮਾਮਲਿਆਂ ਬਾਰੇ ਸੰਸਦੀ ਕਮੇਟੀ ਦੇ ਵਾਈਸ ਚੇਅਰ ਮਾਈਕਲ ਚੌਂਗ ਨੇ ਦੋਸ਼ ਲਗਾਇਆ ਹੈ ਕਿ ਚੀਨ ਕੈਨੇਡੀਅਨ ਅਧਿਕਾਰੀਆਂ ਅਤੇ ਸੰਸਦ ਮੈਂਬਰਾਂ ਦੇ ਤਾਈਵਾਨ ਦੌਰਿਆਂ ਨੂੰ ਰੋਕਣ ਲਈ "ਨਿਯਮ ਬਦਲਣ" ਦੀ ਕੋਸ਼ਿਸ਼ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਮਾਈਕਲ ਚੌਂਗ ਇਸ ਸਮੇਂ ਤਾਈਵਾਨ ਦੇ ਦੌਰੇ 'ਤੇ ਹਨ। ਉਥੇ ਉਹਨਾਂ ਨੇ ਤਾਈਵਾਨ ਦੇ ਪ੍ਰੈਜ਼ੀਡੈਂਟ ਲਾਇ ਚਿੰਗ ਤੇ ਸਮੇਤ ਕਈ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ। ਚੀਨ ਦੇ ਦੂਤਾਵਾਸ ਨੇ ਇਸ ਦੌਰੇ ਦੀ ਨਿੰਦਾ ਕਰਦਿਆਂ ਕਿਹਾ ਕਿ ਇਹ ਕੈਨੇਡਾ ਦੀ "ਵੰਨ ਚਾਈਨਾ ਪਾਲਿਸੀ" ਦੇ ਖਿਲਾਫ਼ ਹੈ ਅਤੇ ਤਾਈਵਾਨ ਦੀ ਆਜ਼ਾਦੀ ਨੂੰ ਸਮਰਥਨ ਦੇਣ ਵਾਲਾ ਸੰਦੇਸ਼ ਭੇਜਦਾ ਹੈ। ਚੌਂਗ ਨੇ ਜਵਾਬ ਵਿੱਚ ਕਿਹਾ ਕਿ ਕੈਨੇਡੀਅਨ ਸੰਸਦ ਮੈਂਬਰ ਸਾਲਾਂ ਤੋਂ ਤਾਈਵਾਨ ਜਾਂਦੇ ਰਹੇ ਹਨ ਅਤੇ ਚੀਨ ਹੁਣ ਇਸ ਪਰੰਪਰਾ ਨੂੰ ਬਦਲਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਹਨਾਂ ਨੇ ਕਿਹਾ ਕਿ ਇੱਕ ਲੋਕਤੰਤਰਕ ਦੇਸ਼ ਹੋਣ ਦੇ ਨਾਤੇ ਕੈਨੇਡਾ ਨੂੰ ਕਿਸੇ "ਤਾਨਾਸ਼ਾਹੀ ਰਾਜ" ਵੱਲੋਂ ਆਪਣੇ ਵਿਦੇਸ਼ੀ ਸਬੰਧ ਨਿਰਧਾਰਤ ਕਰਨ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ। ਚੌਂਗ ਨੇ ਇਹ ਵੀ ਕਿਹਾ ਕਿ ਉਹਨਾਂ ਨੂੰ ਇਸ ਦੌਰੇ ਨੂੰ ਲੈ ਕੇ ਕੋਈ ਹਿਚਕਚਾਹਟ ਨਹੀਂ ਸੀ, ਭਾਵੇਂ ਪਹਿਲਾਂ ਉਹਨਾਂ ਅਤੇ ਉਹਨਾਂ ਦੇ ਪਰਿਵਾਰ ਨੂੰ ਚੀਨ ਵੱਲੋਂ ਨਿਸ਼ਾਨਾ ਬਣਾਇਆ ਜਾ ਚੁੱਕਿਆ ਹੈ। ਉਧਰ ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਕਿਹਾ ਕਿ ਕੈਨੇਡਾ ਅਤੇ ਤਾਈਵਾਨ ਦੇ ਲੋਕਾਂ ਅਤੇ ਵਪਾਰਕ ਸਬੰਧਾਂ ਦਾ ਲੰਮਾ ਇਤਿਹਾਸ ਹੈ, ਪਰ ਕੈਨੇਡਾ ਆਪਣੀ "ਵੰਨ ਚਾਈਨਾ ਪਾਲਿਸੀ" 'ਤੇ ਕਾਇਮ ਹੈ। ਉਹਨਾਂ ਨੇ ਇਹ ਵੀ ਦੋਹਰਾਇਆ ਕਿ ਕੈਨੇਡਾ ਦੀ ਸੰਸਦ ਦੀ ਆਜ਼ਾਦੀ ਦੇਸ਼ ਦੇ ਲੋਕਤੰਤਰ ਦੀ ਮਜ਼ਬੂਤ ਨੀਂਹ ਹੈ।

# ਨਾਟੋ ਦੀ ਸਭ ਤੋਂ ਉੱਚੀ ਫੌਜ ਦੀ ਕਮੇਟੀ ਲਈ ਕੈਨੇਡਾ ਵੱਲੋਂ ਜਨਰਲ ਜੈਨੀ ਕੈਰੀਗਨਨ ਦਾ ਨਾਮ ਅੱਗੇ



**ਓਟਵਾ:ਆਪਣਾ ਪੰਜਾਬ ਮੀਡੀਆ:** ਕੈਨੇਡਾ ਦੀ ਲਿਬਰਲ ਸਰਕਾਰ ਨੇ ਦੇਸ਼ ਦੀ ਸਭ ਤੋਂ ਉੱਚੀ ਫੌਜੀ ਅਧਿਕਾਰੀ ਜੈਨੀ ਕੈਰੀਗਨਨ ਨੂੰ ਨਾਟੋ ਦੀ ਮਿਲਟਰੀ ਕਮੇਟੀ ਦੇ ਅਗਲੇ ਚੇਅਰ ਅਹੁਦੇ ਲਈ ਨਾਮਜ਼ਦ ਕੀਤਾ ਹੈ।

ਇਹ ਅਹੁਦਾ ਅਗਲੇ ਸਾਲ ਖਾਲ੍ਹੀ ਹੋਣਾ ਹੈ ਅਤੇ ਇਸ ਲਈ ਚੋਣ ਸਤੰਬਰ 2026 ਵਿੱਚ ਕਰਵਾਈ ਜਾਵੇਗੀ। ਕੈਨੇਡਾ ਦੇ ਰੱਖਿਆ ਮੰਤਰੀ ਡੇਵਿਡ ਮੈਕਗਿੰਟੀ ਨੇ ਇਸ ਨਾਮਜ਼ਦਗੀ ਦਾ ਐਲਾਨ ਕਰਦਿਆਂ ਕਿਹਾ ਕਿ ਜਨਰਲ ਕੈਰੀਗਨਨ ਅਗਲੇ ਸਾਲ ਤੱਕ ਆਪਣੀ ਮੌਜੂਦਾ ਜ਼ਿੰਮੇਵਾਰੀ ਨਿਭਾਉਂਦੇ ਰਹਿਣਗੇ।ਇਸ ਵੇਲੇ ਨਾਟੋ ਮਿਲਟਰੀ ਕਮੇਟੀ ਦੇ ਚੇਅਰ ਇਟਲੀ ਦੀ ਨੇਵੀ ਦੇ ਐਡਮਿਰਲ ਜੀਸੈਪ ਕੈਵੋ ਡਰਾਗੋਨੇ ਹਨ, ਜਿਨ੍ਹਾਂ ਦਾ ਕਾਰਜਕਾਲ ਅਗਲੀਆਂ ਗਰਮੀਆਂ ਵਿੱਚ ਸਮਾਪਤ ਹੋ ਰਿਹਾ ਹੈ। ਨਾਟੋ ਮਿਲਟਰੀ ਕਮੇਟੀ ਦਾ ਚੇਅਰ ਨਾਟੋ ਦੇ ਸਕੱਤਰ ਜਨਰਲ ਲਈ ਸਭ ਤੋਂ ਸੀਨੀਅਰ ਫੌਜੀ ਸਲਾਹਕਾਰ ਹੁੰਦਾ ਹੈ ਅਤੇ 32 ਮੈਂਬਰ ਦੇਸ਼ਾਂ ਦੇ ਫੌਜੀ ਮੁਖੀਆਂ ਵੱਲੋਂ ਦਿੱਤੀ ਜਾਣ ਵਾਲੀ ਸਲਾਹ ਨੂੰ ਅੱਗੇ ਪਹੁੰਚਾਉਂਦਾ ਹੈ।ਜਨਰਲ ਕੈਰੀਗਨਨ ਜੁਲਾਈ 2024 ਤੋਂ ਕੈਨੇਡਾ ਦੀ ਚੀਫ਼ ਆਫ਼ ਡਿਫੈਂਸ ਸਟਾਫ਼ ਵਜੋਂ ਸੇਵਾ ਨਿਭਾਅ ਰਹੇ ਹਨ। ਇਸ ਤੋਂ ਪਹਿਲਾਂ ਵੀ 2000 ਦੇ ਸ਼ੁਰੂਆਤੀ ਸਾਲਾਂ ਵਿੱਚ ਇਹ ਅਹੁਦਾ ਕੈਨੇਡਾ ਦੇ ਰਿਟਾਇਰਡ ਜਨਰਲ ਰੇਅ ਹੈਨੌਲਟ ਕੋਲ ਰਹਿ ਚੁੱਕਾ ਹੈ।

# Canada Airports 'ਤੇ ਵੱਡਾ ਸਕੈਮ: ਨਸ਼ਾ ਤਸਕਰ ਬਦਲ ਰਹੇ ਸਮਾਨ ਦਾ ਟੈਗ; ਬੇਗੁਨਾਹ ਮੁਸਾਫ਼ਰਾਂ ਨੂੰ ਬਣਾਇਆ ਹਥਿਆਰ

## Canada Airport Scam: ਸਮਾਨ ਦੇ ਟੈਗ ਬਦਲ ਕੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਇੱਕ ਗਿਰੋਹ ਦਾ ਖ਼ੁਲਾਸਾ



**ਵਿਨੀਪੈਂਗ :ਆਪਣਾ ਪੰਜਾਬ ਮੀਡੀਆ:** ਕੈਨੇਡਾ ਦੇ ਵੱਡੇ ਹਵਾਈ ਅੱਡਿਆਂ, ਖ਼ਾਸ ਕਰਕੇ ਟੋਰਾਂਟੋ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ, ਨਸ਼ਾ ਤਸਕਰੀ ਦੇ ਇੱਕ ਵੱਡੇ ਅਤੇ ਖ਼ਤਰਨਾਕ ਰੈਕਟ ਦਾ ਪਰਦਾਫਾਸ਼ ਹੋਇਆ ਹੈ।

ਮੀਡੀਆ ਦੀ ਜਾਂਚ ਇਕਾਈ W-5 ਦੀ ਰਿਪੋਰਟ ਅਨੁਸਾਰ, ਹਵਾਈ ਅੱਡੇ ਦੇ ਕੁਝ ਭ੍ਰਿਸ਼ਟ ਕਰਮਚਾਰੀ ਬੇਗੁਨਾਹ ਯਾਤਰੀਆਂ ਦੇ ਅਸਲੀ ਬੈਗਾਂ ਤੋਂ ਸੁਰੱਖਿਆ ਟੈਗ ਹਟਾ ਕੇ ਉਹ ਟੈਗ ਨਸ਼ੀਲੇ ਪਦਾਰਥਾਂ ਨਾਲ ਭਰੇ ਸੂਟਕੇਸਾਂ 'ਤੇ ਲਗਾ ਦਿੰਦੇ ਸਨ।

ਇਸ ਤਰੀਕੇ ਨਾਲ ਨਸ਼ਿਆਂ ਵਾਲੇ ਬੈਗ ਬਿਨਾਂ ਸ਼ੱਕ ਪੈਦਾ ਕੀਤੇ ਵਿਦੇਸ਼ਾਂ ਤੱਕ ਭੇਜੇ ਜਾਂਦੇ ਰਹੇ।

ਰਿਪੋਰਟ ਮੁਤਾਬਕ, ਇਹ ਗੋਰਖਧੰਦਾ ਕਾਫ਼ੀ ਸਮੇਂ ਤੋਂ ਚੱਲ ਰਿਹਾ ਸੀ ਅਤੇ ਇਸ ਵਿੱਚ ਸੰਗਠਿਤ ਅਪਰਾਧਿਕ ਗਿਰੋਹਾਂ ਦੀ ਸ਼ਮੂਲੀਅਤ ਦੇ ਸੰਕੇਤ ਮਿਲ ਰਹੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਟੋਰਾਂਟੋ ਪੀਅਰਸਨ ਏਅਰਪੋਰਟ 'ਤੇ ਕਰੀਬ 3,000 ਸੀਸੀਟੀਵੀ ਕੈਮਰੇ ਲੱਗੇ ਹੋਣ ਦੇ ਬਾਵਜੂਦ ਇਹ ਰੈਕਟ ਬੇਖ਼ੌਫ਼ ਤਰੀਕੇ ਨਾਲ ਚੱਲਦਾ ਰਿਹਾ। ਇਸ ਖੁਲਾਸੇ ਤੋਂ ਬਾਅਦ ਕੈਨੇਡੀਅਨ ਹਵਾਈ ਅੱਡਿਆਂ ਦੀ ਸੁਰੱਖਿਆ ਪ੍ਰਣਾਲੀ 'ਤੇ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ।'


Kishneet VIDEOGRAPHY
DIGITAL PHOTO & VIDEO
778 885-5513
Premium Solution for 4K & Full HD Video and Photo Needs
OUR SERVICES
WEDDING | BIRTHDAY | SWEET SIXTEEN | RING CEREMONY
13228 62 A Ave Surrey, BC V3X 3S5, Canada





Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ BILINGUAL ESTD. 2005
Journalism With Guts to Tell It Like It Is!
Google apna punjab media
Founder & Chief Editor : Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com


ੴ

# ਗੁਰੂ ਨਾਨਕ ਦਰਬਾਰ ਹਿੱਕਸਵਿਲ, ਨਿਊਯਾਰਕ ਵਿਖੇ

## ਵਿਸ਼ੇਸ਼ ਸਮਾਗਮ





ਸੰਤ ਅਨੂਪ ਸਿੰਘ ਜੀ

## ਪੰਥ ਦੇ ਮਹਾਨ ਕੀਰਤਨੀਏ ਸੰਤ ਅਨੂਪ ਸਿੰਘ ਜੀ ਅਤੇ ਉਹਨਾਂ ਦੇ ਸਾਥੀ

ਗੁਰੂ ਨਾਨਕ ਦਰਬਾਰ ਹਿਕੱਸਵਿਲ ਵਿਖੇ ਹੇਠ ਲਿਖੇ ਸਮੇ ਅਨੁਸਾਰ ਕੀਰਤਨ ਰਾਹੀ ਹਾਜ਼ਰੀ ਭਰਨਗੇ।

ਬੇਨਤੀ ਹੈ ਆਪ ਜੀ ਸਮੇ ਨੂੰ ਮੁੱਖ ਰਖਦੇ ਹੋਏ ਹਾਜ਼ਰੀ ਭਰਨ ਦੀ ਕ੍ਰਿਪਾਲਤਾ ਕਰੋ

### ਪ੍ਰੋਗਰਾਮ ਦਾ ਵੇਰਵਾ

| | |
|---|---|
| **22** ਮਈ ਸ਼ੁਕਰਵਾਰ ਰਾਤ **7.30** ਵਜੇ ਤੋਂ **8.30** ਵਜੇ ਤੱਕ | ਸੇਵਾ ਵਲੋਂ (ਸ੍ਰ:ਗਗਨਦੀਪ ਸਿੰਘ ਬੀਬੀ ਹਰਲੀਨ ਕੌਰ ) |
| **23** ਮਈ ਸ਼ਨੀਵਾਰ ਸਵੇਰ **6.00** ਵਜੇ ਤੋਂ **7.00** ਵਜੇ ਤੱਕ | ਸੇਵਾ ਵਲੋ (:ਬੀਰੇਨ ਸਿੰਘ,ਬੀਬੀ ਮੀਤਾ ਵਾਲੀਆ ਪਰਿਵਾਰ ) |
| **24** ਮਈ ਐਤਵਾਰ ਦੁਪਹਿਰ **1.00** ਵਜੇ ਤੋਂ **2.00** ਵਜੇ ਤੱਕ | ਸੇਵਾ ਵਲੋਂ (ਸ੍ਰ:ਕੰਵਰਜੀਤ ਸਿੰਘ, ਬੀਬੀ ਕਿਰਨਦੀਪ ਕੌਰ ਪਰਿਵਾਰ ) |
| **24** ਮਈ ਐਤਵਾਰ ਰਾਤ **7.00** ਵਜੇ ਤੋਂ **8.00** ਵਜੇ ਤੱਕ | ਸੇਵਾ ਵਲੋਂ (ਸ੍ਰ:ਹਰਭਜਨ ਸਿੰਘ, ਬੀਬੀ ਤਜਿੰਦਰ ਕੌਰ ਪਰਿਵਾਰ ) |
| **25** ਮਈ ਸੋਮਵਾਰ ਦੁਪਹਿਰ **12.30** ਵਜੇ ਤੋਂ **1.30** ਵਜੇ ਤੱਕ | ਸੇਵਾ ਵਲੋ (ਸ੍ਰੀ ਰਵੀ ਤੇ ਸਾਲੂ ਚੌਪੜਾ ਪਰਿਵਾਰ ) |
| **25** ਮਈ ਸੋਮਵਾਰ ਰਾਤ **7.30** ਵਜੇ ਤੋਂ **8.30** ਵਜੇ ਤੱਕ | ਸੇਵਾ ਵਲੋਂ (ਸ੍ਰ:ਜੁਗਿੰਦਰਪਾਲ ਸਿੰਘ ਬੀਬੀ ਹਰਜੀਤ ਕੌਰ ਪਰਿਵਾਰ ) |
| **26** ਮਈ ਮੰਗਲਵਾਰ ਰਾਤ **7.30** ਵਜੇ ਤੋਂ **8.30** ਵਜੇ ਤੱਕ | ਸੇਵਾ ਵਲੋ (ਸ੍ਰ:ਸੁਖਮਿੰਦਰ ਸਿੰਘ, ਬੀਬੀ ਜਗਜੀਤ ਕੌਰ ਚੰਡੋਕ ਪਰਿਵਾਰ ) |
| **30** ਮਈ ਸ਼ਨੀਵਾਰ ਰਾਤ **7.30** ਵਜੇ ਤੋਂ **8.30** ਵਜੇ ਤੱਕ | ਸੇਵਾ ਵਲੋ (ਸ੍ਰੀ ਸੁਰੇਸ ਜੀ ਬੀਬੀ ਤਜਿੰਦਰ ਕੌਰ ਪਰਿਵਾਰ ) |
| **3** ਜੂਨ ਬੁਧਵਾਰ ਰਾਤ **7.30** ਵਜੇ ਤੋਂ **8.30** ਵਜੇ ਤੱਕ | ਸੇਵਾ ਵਲੋ (ਸ੍ਰੀ ਗਗਨ ਤੇ ਬੀਬੀ ਸ਼ਾਲਨੀ ਗੁਜਰਾਲ ਪਰਿਵਾਰ ) |


Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
Founder & Chief Editor : Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com




ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ
THE SIKH CULTURAL SOCIETY INC

ੴ ਸਤਿਗੁਰ ਪ੍ਰਸਾਦਿ॥

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ।। ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ।।

# ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ

95-30-118 ਸਟਰੀਟ, ਰਿਚਮੰਡ ਹਿੱਲ, ਨਿਊਯਾਰਕ 11419



ਦੀ ਸਮੁੱਚੀ ਪ੍ਰਬੰਧਕ ਕਮੇਟੀ ਸੇਵਾਦਾਰਾਂ, ਪੰਥਕ ਜਥੇਬੰਦੀਆਂ, ਸੇਵਾ ਸੋਸਾਇਟੀਆਂ ਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਜੂਨ 1984 ਦੇ ਘੱਲੂਘਾਰੇ ਦੀ ਯਾਦ ਵਿੱਚ ਅਤੇ ਸਮੂਹ ਸ਼ਹੀਦਾਂ ਦੀ ਅਦਭੁਤ ਸ਼ਹਾਦਤ ਨੂੰ ਨਤਮਸਤਕ ਹੁੰਦਿਆਂ, ਗੁਰਦੁਆਰਾ ਸਿੱਖ ਕਲਚਰਲ ਸੋਸਾਇਟੀ ਵਿਖੇ **5, 6 ਅਤੇ 7 ਜੂਨ 2026** ਨੂੰ ਵਿਸ਼ੇਸ਼ ਧਾਰਮਿਕ ਸਮਾਗਮ ਕਰਵਾਏ ਜਾਣਗੇ

**ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ**
5 ਜੂਨ ਦਿਨ ਸ਼ੁੱਕਰਵਾਰ ਸਵੇਰੇ 10 ਵਜੇ

**ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ**
7 ਜੂਨ ਦਿਨ ਐਤਵਾਰ ਸਵੇਰੇ 9:30 ਵਜੇ

ਐਤਵਾਰ ਨੂੰ ਦਿਨ-ਭਰ ਦੀਵਾਨ ਸਜਾਏ ਜਾਣਗੇ, ਜਿਸ ਵਿੱਚ ਕੀਰਤਨੀ ਜੱਥੇ ਪ੍ਰਚਾਰ ਕਥਾਵਾਚਕ, ਰਾਗੀ ਢਾਡੀ ਸਹਿਬਾਨ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ



ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਜੂਨ 1984 ਦੇ ਘੱਲੂਘਾਰੇ ਨੂੰ ਸ਼ਰਧਾ ਸਹਿਤ ਯਾਦ ਕਰਦਿਆਂ ਅਤੇ ਸਮੂਹ ਸ਼ਹੀਦਾਂ ਨੂੰ ਕੋਟਿ-ਕੋਟਿ ਪ੍ਰਣਾਮ ਕਰਦਿਆਂ ਆਪਣੇ ਪਰਿਵਾਰਾਂ ਸਮੇਤ ਸਮਾਗਮ ਵਿੱਚ ਸ਼ਮੂਲੀਅਤ ਕਰੋ ਅਤੇ ਸੇਵਾਵਾਂ ਵਿੱਚ ਭਾਗ ਲੈ ਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਹਾਸਲ ਕਰੋ ਜੀ।

**ਬੇਨਤੀ ਕਰਤਾ** ਸਮੂਹ ਪ੍ਰਬੰਧਕ ਕਮੇਟੀ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ, ਨਿਊਯਾਰਕ ਫ਼ੋਨ 718-846-3333


ਭਾਈ ਧਰਮਵੀਰ ਸਿੰਘ
Head Granthi
516-604-8448


ਸ. ਜਤਿੰਦਰ ਸਿੰਘ ਬੋਪਾਰਾਏ
President
718-989-0651


ਸ. ਹਰਵੰਸ ਸਿੰਘ ਢਿੱਲੋਂ
Co-Cronator
917-515-1721


ਸ. ਗੁਰਦੇਵ ਸਿੰਘ ਕੰਗ
Co-Cronator
718-974-4827


ਬਾਬੂ ਜੋਗਿੰਦਰ ਸਿੰਘ
Chairman BOT
347-681-1222


ਜਗੀਰ ਸਿੰਘ ਖਨੀਲ
Gen Secretary
347-261-1483


ਬਲਾਕਾ ਸਿੰਘ
Secretary
646-645-7373


ਸੰਦੀਪ ਸਿੰਘ ਜਿੰਮੀ
Vice President
646-339-3186


ਬੂਟਾ ਸਿੰਘ ਚੀਮਾ
Treasurer
917-518-1574


ਜਸਵਿੰਦਰ ਸਿੰਘ ਖੱਖ
Secretary BOT
917-892-9790



Copyright: Apna Punjab Media 2025-26


ਸੱਚ ਦੀ ਆਵਾਜ਼ ਆਪਣਾ ਪੰਜਾਬ BILINGUAL ESTD. 2005
Journalism With Guts to Tell It Like It Is!
Google apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH


Founder & Chief Editor : Gurmit Singh
1 516 989 8001 | 1 631 835 8000


Follow Us On /apnapunjabmedia
www.apnapunjabmedia.com newsroom@apnapunjabmedia.com





ਨਿਊਯਾਰਕ ਦੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਹਿੱਕਸਵਿਲ ਦੇ ਜਨਰਲ ਸਕੱਤਰ ਹਰਚਰਨ ਸਿੰਘ ਗੁਲਾਟੀ ਵੱਲੋਂ ਲਿਖੀ ਕਿਤਾਬ "ਅਫ਼ਗਾਨ ਸਿੱਖ ਅਤੇ ਅਫ਼ਗਾਨਿਸਤਾਨ" ਆਪਣਾ ਪੰਜਾਬ ਵਿੱਚ ਲੜੀਵਾਰ ਚੱਲ ਰਹੀ ਹੈ

ਵਲੋਂ

ਗੁਰਮੀਤ ਸਿੰਘ : ਚੀਫ਼ ਐਡੀਟਰ ਆਪਣਾ ਪੰਜਾਬ ਮੀਡੀਆ ਗਰੁੱਪ ਨਿਊਯਾਰਕ



# ਮੁਗਲਾਂ ਦਾ ਰਾਜ

ਬਾਬਰ ਨੂੰ ਕਾਬੁਲ ਅਤੇ ਉਥੋਂ ਦਾ ਮੌਸਮ ਬਹੁਤ ਪਸੰਦ ਸੀ।

ਉਸ ਨੇ ਕਾਬੁਲ ਨੂੰ 1526 ਤੀਕ ਰਾਜਧਾਨੀ ਬਣਾਇਆ। ਜਦੋਂ ਬਾਬਰ ਦਿੱਲੀ ਵੱਲ ਚਲਾ ਗਿਆ ਤਾਂ ਦਿਲੀ ਤੋਂ ਹੀ ਸਾਰਾ ਕੰਟਰੋਲ ਕਰਦਾ ਰਿਹਾ।


ਮੀਰਵੈਸ ਖਾਨ


ਅਹਿਮਦ ਖਾਨ ਸਦੋਜ਼ਈ (ਦੁਰਾਨੀ)



ਇਸ ਦੌਰਾਨ ਮੁਗਲਾਂ ਅਤੇ ਪਠਾਣਾਂ ਦੀ ਲੜਾਈ ਸਮੇਂ ਸਮੇਂ ਵਿਚ ਕਈ ਇਲਾਕਿਆਂ ਤੇ ਹੁੰਦੀ ਰਹੀ ਹੈ ਜਿਸਦਾ ਜ਼ਿਕਰ ਗੁਰੂ ਨਾਨਕ ਸਾਹਿਬ ਨੇ ਵੀ ਆਪਣੀ ਬਾਣੀ ਵਿਚ ਜ਼ਿਕਰ ਕੀਤਾ ਹੈ ਜਿਸ ਤਰ੍ਹਾਂ

ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ॥
ਓਨ੍ਹੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ॥

ਕੁਝ ਸਮੇਂ ਲਈ ਗਿਲਜ਼ਈ ਕੌਮ ਪਸ਼ਤੂਨਾਂ ਦਾ ਲੀਡਰ ਜਨਰਲ ਮੀਰਵੈਸ ਖਾਨ ਹੌਤਕ ਦੇ ਛਤਰ ਛਾਇਆ ਹੇਠ


ਸੱਚ ਦੀ ਆਵਾਜ਼ ਆਪਣਾ ਪੰਜਾਬ BILINGUAL ESTD. 2005
APNA PUNJAB MEDIA
Journalism With Guts to Tell It Like It Is!


ਸੰਨ 1709 ਵਿਚ ਪਾਰਸ ਤੇ ਹਮਲਾ ਕਰਕੇ ਬਹੁਤ ਸਾਰਾ ਪਰਸ਼ੀਅਨ ਦਾ ਹਿੱਸਾ ਆਪਣੇ ਕਬਜ਼ੇ ਵਿਚ ਕਰ ਲਿਆ ਪਰ ਆਪਣੇ ਅੰਦਰੁਨੀ ਝਗੜੇ ਅਤੇ ਲਗਾਵਟ ਕਾਰਨ ਸਿਰਫ਼ ਈਰਾਨ ਦਾ ਹਿੱਸਾ ਨਹੀਂ ਬਲਕਿ ਕੰਧਾਰ ਵੀ ਨਾਦਰ ਸ਼ਾਹ ਅਫ਼ਸ਼ਾਰ ਦੇ ਹੱਥੋਂ ਹਾਰ ਗਿਆ।

ਨਾਦਿਰ ਸ਼ਾਹ ਅਫ਼ਸ਼ਾਰ ਨੇ ਪਠਾਣਾਂ ਨੂੰ ਜਲਾਲਾਬਾਦ ਦੇ ਹਿਸੇ ਵਿਚ ਸ਼ਿਕਸਤ ਦੇਕੇ ਖੈਬਰਪਾਸ ਰਾਹੀਂ ਦਿੱਲੀ ਵੱਲ ਕੂਚ ਕੀਤਾ ਅਤੇ ਕੋਹਿਨੂਰ ਹੀਰਾ ਤੇ ਕਈ ਕੀਮਤੀ ਚੀਜ਼ਾਂ ਲੁੱਟ ਲਈਆਂ।


Cont...




Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
COVERING DIASPORA INTERNATIONALLY
APNA PUNJAB media.tv HD
CORPORATE OFFICE : NEWYORK - CHANDIGARH
Follow Us On /apnapunjabmedia
www.apnapunjabmedia.com
VOL XVIII, ISSUE 1928 | FRIDAY MAY 22, 2026
Founder & Chief Editor : Gurmit Singh
1 516 989 8001 | 1 631 835 8000
newsroom@apnapunjabmedia.com


BREAKING NEWS
ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖ਼ਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।
Visit our dedicated pages for the latest national and international news.
ਹੁਣੇ ਹੁਣੇ

# ਰੇਲ ਯਾਤਰੀਆਂ ਲਈ ਵੱਡੀ ਰਾਹਤ; ਪੰਜਾਬ ਤੋਂ ਚੱਲਣਗੀਆਂ 16 Summer Special Trains

## ਬਿਹਾਰ, ਯੂਪੀ ਅਤੇ ਜੰਮੂ-ਕਸ਼ਮੀਰ ਜਾਣ ਵਾਲਿਆਂ ਨੂੰ ਮਿਲੇਗੀ ਕਨਫਰਮ ਸੀਟ



ਚੰਡੀਗੜ੍ਹ :ਆਪਣਾ ਪੰਜਾਬ ਮੀਡੀਆ: ਗਰਮੀਆਂ ਦੀਆਂ ਛੁੱਟੀਆਂ ਦੇ ਸੀਜ਼ਨ ਅਤੇ ਰੇਲਗੱਡੀਆਂ ਵਿੱਚ ਯਾਤਰੀਆਂ ਦੀ ਲਗਾਤਾਰ ਵਧ ਰਹੀ ਭਾਰੀ ਭੀੜ ਨੂੰ ਮੁੱਖ ਰੱਖਦਿਆਂ ਰੇਲ ਵਿਭਾਗ ਨੇ ਮੁਸਾਫ਼ਰਾਂ ਨੂੰ ਇੱਕ ਵੱਡੀ ਰਾਹਤ ਦਿੱਤੀ ਹੈ। ਰੇਲ ਵਿਭਾਗ ਵੱਲੋਂ ਉੱਤਰੀ ਭਾਰਤ, ਖ਼ਾਸ ਕਰਕੇ ਪੰਜਾਬ ਨਾਲ ਸਬੰਧਤ ਵੱਖ-ਵੱਖ ਰੂਟਾਂ 'ਤੇ ਕੁੱਲ 16 ਨਵੀਆਂ ਸਮਰ ਸਪੈਸ਼ਲ ਰੇਲਗੱਡੀਆਂ ਚਲਾਉਣ ਦਾ ਅਹਿਮ ਫ਼ੈਸਲਾ ਲਿਆ ਗਿਆ ਹੈ।

ਰੇਲਵੇ ਦੇ ਉੱਚ ਅਧਿਕਾਰੀਆਂ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਅਨੁਸਾਰ ਇਨ੍ਹਾਂ ਵਿਸ਼ੇਸ਼ ਰੇਲ ਗੱਡੀਆਂ ਦਾ 21 ਮਈ ਤੋਂ ਪੜਾਅਵਾਰ ਤਰੀਕੇ ਨਾਲ ਚੱਲਣਗੀਆਂ, ਤਾਂ ਜੋ ਯਾਤਰੀਆਂ ਨੂੰ ਆਪਣੀ ਮੰਜ਼ਿਲ 'ਤੇ ਪਹੁੰਚਣ ਲਈ ਖ਼ੱਜਲ-ਖ਼ੁਆਰ ਨਾ ਹੋਣਾ ਪਵੇ।ਰੇਲਵੇ ਪ੍ਰਸ਼ਾਸਨ ਵੱਲੋਂ ਜਾਰੀ ਕੀਤੀ ਗਈ ਸੂਚੀ ਅਨੁਸਾਰ, ਇਨ੍ਹਾਂ ਵਿਸ਼ੇਸ਼ ਰੇਲਗੱਡੀਆਂ ਵਿੱਚ ਅੰਮ੍ਰਿਤਸਰ-ਕਟਿਹਾਰ (05736/05735), ਨਵੀਂ ਦਿੱਲੀ-ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ (04081/04082), ਅੰਮ੍ਰਿਤਸਰ-ਬਰੌਨੀ (04610/04609), ਪਠਾਨਕੋਟ-ਛਪਰਾ (05193/05194), ਅੰਮ੍ਰਿਤਸਰ-ਕੋਲਕਾਤਾ (04624/04623), ਅੰਮ੍ਰਿਤਸਰ-ਜੈਨਗਰ (04651/04652), ਫਿਰੋਜ਼ਪੁਰ ਕੈਂਟ-ਝੰਡਾਰਪੁਰ (04620/04619) ਅਤੇ ਫਿਰੋਜ਼ਪੁਰ ਕੈਂਟ-ਪਟਨਾ (04616/04615) ਸ਼ਾਮਲ ਹਨ।

# ਪੰਜਾਬ 'ਚ ਤੇਲ ਸਪਲਾਈ 'ਤੇ ਸੰਕਟ ਦੇ ਬੱਦਲ, ਡੀਲਰਾਂ ਨੇ ਸਰਕਾਰ ਨੂੰ ਲਿਖਿਆ ਪੱਤਰ




## ਪੱਛਮੀ ਏਸ਼ੀਆ ਤਣਾਅ ਦਾ ਅਸਰ; ਕਈ ਪੰਪਾਂ 'ਤੇ ਸਪਲਾਈ ਘਟੀ, ਸਰਕਾਰ ਨੇ ਕੀਤੀ ਮੀਟਿੰਗਾਂ ਦੀ ਸ਼ੁਰੂਆਤ

**ਚੰਡੀਗੜ੍ਹ :ਆਪਣਾ ਪੰਜਾਬ ਮੀਡੀਆ:** ਪੱਛਮੀ ਏਸ਼ੀਆ ਵਿੱਚ ਚੱਲ ਰਹੇ ਤਣਾਅ ਦੇ ਪ੍ਰਭਾਵ ਕਾਰਨ ਪੰਜਾਬ ਵਿੱਚ ਤੇਲ ਸਪਲਾਈ ਪ੍ਰਭਾਵਿਤ ਹੋਣ ਲੱਗੀ ਹੈ। ਤੇਲ ਪੰਪ ਡੀਲਰਾਂ ਦਾ ਦੋਸ਼ ਹੈ ਕਿ ਤੇਲ ਕੰਪਨੀਆਂ ਵੱਲੋਂ ਸਪਲਾਈ ਘਟਾ ਦਿੱਤੀ ਗਈ ਹੈ ਅਤੇ ਐਡਵਾਂਸ ਭੁਗਤਾਨ ਦੇ ਬਾਵਜੂਦ ਤੇਲ ਦੇਰ ਨਾਲ ਮਿਲ ਰਿਹਾ ਹੈ।ਪੈਟਰੋਲ ਪੰਪ ਡੀਲਰਜ਼ ਐਸੋਸੀਏਸ਼ਨ ਪੰਜਾਬ ਨੇ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਹਾਲਾਤ ਬਾਰੇ ਜਾਣੂ ਕਰਵਾਇਆ ਹੈ। ਐਸੋਸੀਏਸ਼ਨ ਮੁਤਾਬਕ ਹਿੰਦੋਸਤਾਨ ਪੈਟਰੋਲੀਅਮ ਦੇ ਕਈ ਪੰਪ ਡਰਾਈ ਹੋ ਚੁੱਕੇ ਹਨ, ਖ਼ਾਸ ਕਰਕੇ ਮਾਝਾ ਅਤੇ ਦੁਆਬਾ ਖੇਤਰ ਵਿੱਚ ਸਪਲਾਈ ਘੱਟ ਹੋਈ ਹੈ।ਡੀਲਰਾਂ ਨੇ ਇਹ ਵੀ ਦੋਸ਼ ਲਗਾਇਆ ਕਿ ਕੰਪਨੀਆਂ ਵੱਲੋਂ ਮਹਿੰਗਾ ਪ੍ਰੀਮੀਅਮ ਤੇਲ ਜਬਰੀ ਦਿੱਤਾ ਜਾ ਰਿਹਾ ਹੈ। ਐਸੋਸੀਏਸ਼ਨ ਦੇ ਪ੍ਰਧਾਨ ਪਰਮਜੀਤ ਸਿੰਘ ਦੋਆਬਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਹੁਣ ਮਾਮਲੇ 'ਤੇ ਸਖ਼ਤੀ ਦਿਖਾਉਣੀ ਸ਼ੁਰੂ ਕਰ ਦਿੱਤੀ ਹੈ ਅਤੇ ਡਿਪਟੀ ਕਮਿਸ਼ਨਰ ਪੱਧਰ 'ਤੇ ਮੀਟਿੰਗਾਂ ਹੋ ਰਹੀਆਂ ਹਨ।

# ਪੈਟਰੋਲ ਮਹਿੰਗਾ ਹੋਣ ਨਾਲ ਪਾਰਸਲ ਡਿਲੀਵਰੀ ਪ੍ਰਭਾਵਿਤ, ਨੌਜਵਾਨ ਹੜਤਾਲ 'ਤੇ



ਘੱਟ ਉਜਰਤ ਅਤੇ ਵਧਦੇ ਤੇਲ ਰੇਟਾਂ ਕਾਰਨ ਬਰਨਾਲਾ ਵਿੱਚ ਡਿਲੀਵਰੀ ਸੇਵਾਵਾਂ ਠੱਪ, ਲੋਕ ਪਰੇਸ਼ਾਨ

**ਚੰਡੀਗੜ੍ਹ :ਆਪਣਾ ਪੰਜਾਬ ਮੀਡੀਆ:** ਪੈਟਰੋਲ-ਡੀਜ਼ਲ ਦੀਆਂ ਵਧਦੀਆਂ ਕੀਮਤਾਂ ਕਾਰਨ ਹੁਣ ਪਾਰਸਲ ਡਿਲੀਵਰੀ ਸੇਵਾਵਾਂ 'ਤੇ ਵੀ ਅਸਰ ਪੈਣਾ ਸ਼ੁਰੂ ਹੋ ਗਿਆ ਹੈ। Barnala ਵਿੱਚ ਡਿਲੀਵਰੀ ਕਰਨ ਵਾਲੇ ਨੌਜਵਾਨ ਘੱਟ ਉਜਰਤ ਅਤੇ ਵਧਦੇ ਖ਼ਰਚਿਆਂ ਤੋਂ ਤੰਗ ਆ ਕੇ ਹੜਤਾਲ 'ਤੇ ਚਲੇ ਗਏ ਹਨ, ਜਿਸ ਕਾਰਨ ਲੋਕਾਂ ਤੱਕ ਆਨਲਾਈਨ ਪਾਰਸਲ ਨਹੀਂ ਪਹੁੰਚ ਰਹੇ।ਡਿਲੀਵਰੀ ਕਰਮਚਾਰੀਆਂ ਦਾ ਕਹਿਣਾ ਹੈ ਕਿ ਇੱਕ ਪਾਰਸਲ ਦੇ ਸਿਰਫ਼ 10 ਤੋਂ 16 ਰੁਪਏ ਮਿਲਦੇ ਹਨ, ਜਦਕਿ ਪੈਟਰੋਲ 'ਤੇ ਹੀ ਵੱਡਾ ਖ਼ਰਚ ਹੋ ਜਾਂਦਾ ਹੈ। ਹੜਤਾਲ ਕਰ ਰਹੇ ਨੌਜਵਾਨਾਂ ਨੇ ਮੰਗ ਕੀਤੀ ਹੈ ਕਿ ਕੰਪਨੀਆਂ ਪ੍ਰਤੀ ਡਿਲੀਵਰੀ ਰੇਟ ਵਧਾਉਣ ਜਾਂ ਵੱਖਰਾ ਪੈਟਰੋਲ ਭੱਤਾ ਦੇਣ।ਕਰੀਬ 20 ਤੋਂ 22 ਡਿਲੀਵਰੀ ਕਰਮਚਾਰੀ ਕੰਮ ਬੰਦ ਕਰ ਚੁੱਕੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਮੰਗਾਂ ਪੂਰੀਆਂ ਹੋਣ ਤੱਕ ਹੜਤਾਲ ਜਾਰੀ ਰਹੇਗੀ।

# ਬਠਿੰਡਾ ਦੇ ਸਕੂਲਾਂ ਨੂੰ ਬੰਬ ਧਮਕੀ, ਪੁਲੀਸ ਹਾਈ ਅਲਰਟ 'ਤੇ

## ਸਕੂਲਾਂ ਅਤੇ ਰੇਲਵੇ ਟਰੈਕ ਨੂੰ ਨਿਸ਼ਾਨਾ ਬਣਾਉਣ ਦੀ ਚਿਤਾਵਨੀ ਮਗਰੋਂ ਤਲਾਸ਼ੀ ਮੁਹਿੰਮ ਤੇਜ਼



**ਬਠਿੰਡਾ :ਆਪਣਾ ਪੰਜਾਬ ਮੀਡੀਆ:** Bathinda ਵਿੱਚ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਤੋਂ ਬਾਅਦ ਪੁਲੀਸ ਅਤੇ ਪ੍ਰਸ਼ਾਸਨ ਹਾਈ ਅਲਰਟ 'ਤੇ ਆ ਗਿਆ ਹੈ। "@Bathinda Schools" ਦੇ ਨਾਮ ਨਾਲ ਜਾਰੀ ਇਕ ਧਮਕੀ ਭਰੇ ਪੱਤਰ ਵਿੱਚ ਅੱਧੀ ਦਰਜਨ ਸਕੂਲਾਂ ਅਤੇ ਰੇਲਵੇ ਟਰੈਕ ਨੂੰ ਨਿਸ਼ਾਨਾ ਬਣਾਉਣ ਦੀ ਗੱਲ ਕਹੀ ਗਈ ਹੈ।ਧਮਕੀ ਮਗਰੋਂ ਪੁਲੀਸ, ਸਪੈਸ਼ਲ ਬ੍ਰਾਂਚ ਅਤੇ ਖੁਫੀਆ ਏਜੰਸੀਆਂ ਵੱਲੋਂ ਸਕੂਲਾਂ ਵਿੱਚ ਤਲਾਸ਼ੀ ਮੁਹਿੰਮ ਚਲਾਈ ਗਈ। ਸਕੂਲ ਕੈਂਪਸ, ਬੈਗਾਂ, ਪਾਰਕਿੰਗ ਅਤੇ ਆਲੇ-ਦੁਆਲੇ ਦੇ ਇਲਾਕਿਆਂ ਦੀ ਜਾਂਚ ਕੀਤੀ ਗਈ ਹੈ।ਪੁਲੀਸ ਨੇ ਸਕੂਲ ਪ੍ਰਬੰਧਕਾਂ ਨੂੰ ਸੁਰੱਖਿਆ ਵਧਾਉਣ ਦੇ ਨਿਰਦੇਸ਼ ਦਿੱਤੇ ਹਨ, ਜਦਕਿ ਰੇਲਵੇ ਸਟੇਸ਼ਨਾਂ ਅਤੇ ਟਰੈਕਾਂ 'ਤੇ ਵੀ ਚੌਕਸੀ ਵਧਾ ਦਿੱਤੀ ਗਈ ਹੈ। ਹਾਲਾਂਕਿ ਪੁਲੀਸ ਨੇ ਕਿਸੇ ਖਾਸ ਗਰੁੱਪ ਦੀ ਅਧਿਕਾਰਕ ਪੁਸ਼ਟੀ ਨਹੀਂ ਕੀਤੀ।


Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!

Founder & Chief Editor: Gurmit Singh
1 516 989 8001 | 1 631 835 8000

Google apna punjab media

COVERING DIASPORA INTERNATIONALLY
APNA PUNJAB media.tv HD
CORPORATE OFFICE: NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com



VOL XVIII, ISSUE 1928 | FRIDAY MAY 22, 2026




# BAANI SWEETS

Richmond Hill New York | Carteret New Jersey




Service Since 2006 under the name of Punjabi Dhaba

ਬਾਣੀ ਸਵੀਟਸ ਦੇ ਮਾਲਿਕ ਓਹੀ ਪੰਜਾਬੀ ਢਾਬੇ ਵਾਲੇ ਹੀ ਹਨ, ਸ਼ਿਰਫ਼ ਨਾਮ ਬਦਲ ਕੇ ਬਾਣੀ ਸਵੀਟਸ ਕਰ ਦਿੱਤਾ ਗਿਆ ਹੈ।

**BAANI SWEETS (NY)**

113-11 101 Ave. s. Richmond Hill, NY 11419



FOUNDER
Late: S. Gurmit Singh



Harpreet Singh
(347) 613-4287

Phone 718-850-0200

Phone 347-613-4287

Contact Us Today

# TIER 1 BUILDERS

## COMPREHENSIVE CONSTRUCTION

SERVING THE COMMUNITY FOR 20+ YEARS





**FULLY LICENSED & INSURED**

Specialize in All Carpentry
- Rough & Finish Carpenter work
- Custom Millwork / Fabrication
- Full General Construction
- Concrete

*GENERAL CONTRACTING:*
- *COMMERCIAL*
- *RESIDENTIAL*
- *INDUSTRIAL*

Call For Free Estimates



Darshpreet Singh
347-833-3713



Balwinder Singh
917-774-8566

Email: tieronebuildersinc@gmail.com tieronebuilders Tier One Builders



Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
Founder & Chief Editor : Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com



# ਸਤੌਜ 'ਚ ਬਿਜਲੀ ਤਾਰਾਂ ਜ਼ਮੀਨਦੋਜ਼ ਕਰਨ ਦਾ ਪ੍ਰਾਜੈਕਟ ਸ਼ੁਰੂ



- ਮੁੱਖ ਮੰਤਰੀ ਨੇ ਆਪਣੇ ਜੱਦੀ ਪਿੰਡ ਵਿੱਚ ਸ਼ੁਰੂਆਤ ਕੀਤੀ
- ਪ੍ਰਾਜੈਕਟ 'ਤੇ ਆਵੇਗੀ 8 ਕਰੋੜ ਰੁਪਏ ਦੀ ਲਾਗਤ

**ਚੀਮਾ: ਆਪਣਾ ਪੰਜਾਬ ਮੀਡੀਆ :** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਨੂੰ ਦੇਸ਼ ਦਾ ਪਹਿਲਾ ਖੰਭਾ-ਮੁਕਤ ਪਿੰਡਾਂ ਵਾਲਾ ਸੂਬਾ ਬਣਾਉਣ ਲਈ ਅੱਜ ਆਪਣੇ ਜੱਦੀ ਪਿੰਡ ਸਤੌਜ ਵਿੱਚ ਬਿਜਲੀ ਦੀਆਂ ਤਾਰਾਂ ਅੰਡਰਗਰਾਊਂਡ (ਜ਼ਮੀਨਦੋਜ਼) ਪਾਉਣ ਦੇ ਪ੍ਰਾਜੈਕਟ ਦਾ ਨੀਂਹ ਪੱਥਰ ਰੱਖ ਕੇ ਆਪਣੀ ਕਿਸਮ ਦੀ ਨਿਵੇਕਲੀ ਸ਼ੁਰੂਆਤ ਕੀਤੀ। ਇਸ ਪ੍ਰਾਜੈਕਟ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਧੁਨਿਕ ਬੁਨਿਆਦੀ ਢਾਂਚੇ, ਨਿਰਵਿਘਨ ਬਿਜਲੀ ਸਪਲਾਈ ਅਤੇ ਸੁਰੱਖਿਅਤ ਪਿੰਡਾਂ 'ਤੇ ਅਧਾਰਿਤ 'ਰੌਸ਼ਨ ਪੰਜਾਬ' ਦੀ ਸ਼ੁਰੂਆਤ ਦੱਸਿਆ। 'ਸਤੌਜ ਮਾਡਲ' ਨੂੰ ਪੂਰੇ ਦੇਸ਼ ਲਈ ਮਿਸਾਲ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਨਾਲ ਪਿੰਡਾਂ ਨੂੰ ਤਾਰਾਂ ਮੁਕਤ ਕਰਨ ਦਾ ਆਪਣਾ ਵਾਅਦਾ ਪੂਰਾ ਕੀਤਾ ਹੈ। ਇਸ ਪਾਇਲਟ ਪ੍ਰਾਜੈਕਟ ਤਹਿਤ ਸਤੌਜ ਵਿੱਚ ਬਿਜਲੀ ਦੀਆਂ ਉਪਰੋਂ ਲੰਘਦੀਆਂ ਤਾਰਾਂ ਨੂੰ ਕਰੀਬ 8 ਕਰੋੜ ਰੁਪਏ ਦੀ ਲਾਗਤ ਨਾਲ ਜ਼ਮੀਨਦੋਜ਼ ਕੀਤਾ ਜਾਵੇਗਾ। ਇਹ ਦੇਸ਼ ਦਾ ਪਹਿਲਾ ਅਜਿਹਾ ਪ੍ਰਾਜੈਕਟ ਹੈ ਅਤੇ ਇਸ ਪਹਿਲਕਦਮੀ ਨਾਲ ਪੰਜਾਬ ਪੂਰੇ ਦੇਸ਼ ਲਈ ਮਾਡਲ ਪ੍ਰਾਜੈਕਟ ਵਜੋਂ ਉਭਰੇਗਾ। ਉਨ੍ਹਾਂ ਦੱਸਿਆ, "ਪ੍ਰਾਜੈਕਟ ਤਹਿਤ 800 ਖਪਤਕਾਰਾਂ ਦੇ ਘਰਾਂ ਨੂੰ ਜੋੜਨ ਵਾਲੀ 41 ਕਿਲੋਮੀਟਰ ਸਰਵਿਸ ਕੇਬਲ ਜ਼ਮੀਨਦੋਜ਼ ਵਿਛਾਈ ਜਾਵੇਗੀ। ਪਿੰਡਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮਿਲੇਗੀ, ਮੀਂਹ ਤੇ ਤੇਜ਼ ਹਵਾਵਾਂ ਹੁਣ ਬਿਜਲੀ ਸਪਲਾਈ ਵਿੱਚ ਵਿਘਨ ਨਹੀਂ ਪਾ ਸਕਣਗੀਆਂ। ਆਪਣੇ ਪਿੰਡ ਦੀ ਦੁਖਦਾਈ ਘਟਨਾ ਨੂੰ ਯਾਦ ਕਰਦਿਆਂ ਉਨ੍ਹਾਂ ਕਿਹਾ, "ਇਸ ਪਿੰਡ ਦੇ ਤਿੰਨ ਨੌਜਵਾਨਾਂ ਦੀ ਕੰਬਾਈਨਾਂ ਨਾਲ ਬਿਜਲੀ ਦਾ ਕਰੰਟ ਲੱਗਣ ਕਾਰਨ ਜਾਨ ਚਲੀ ਗਈ ਸੀ। ਇਹ ਪ੍ਰਾਜੈਕਟ ਉਨ੍ਹਾਂ ਨੌਜਵਾਨਾਂ ਨੂੰ ਸ਼ਰਧਾਂਜਲੀ ਹੈ।" ਇਸ ਪਹਿਲਕਦਮੀ ਨੂੰ ਦੇਸ਼ ਲਈ ਬਦਲਾਅ ਦਾ ਮਾਡਲ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ, "ਪਿੰਡਾਂ ਅਤੇ ਸ਼ਹਿਰਾਂ ਦੇ ਲੋਕਾਂ ਨੂੰ ਵੱਡੀ ਰਾਹਤ ਦੇਣ ਲਈ ਪੂਰੇ ਦੇਸ਼ ਵਿੱਚ 'ਸਤੌਜ ਮਾਡਲ' ਜਾਣਿਆ ਜਾਵੇਗਾ।


# ਪੰਜਾਬ 'ਚ ਵਧਦੀ ਗਰਮੀ ਨਾਲ ਬਿਜਲੀ ਦੀ ਮੰਗ 13,900 ਮੈਗਾਵਾਟ ਤੋਂ ਪਾਰ ਪੁੱਜੀ



- ਅਨੇਕਾਂ ਹਿੱਸਿਆਂ ਵਿੱਚ ਲੱਗ ਰਹੇ ਕੱਟ
- ਤਾਪਮਾਨ 43 ਡਿਗਰੀ ਟੱਪਣ ਕਾਰਨ ਖਪਤਕਾਰ ਪਰੇਸ਼ਾਨ

**ਪਟਿਆਲਾ : ਆਪਣਾ ਪੰਜਾਬ ਮੀਡੀਆ :** ਪੰਜਾਬ ਵਿੱਚ ਭਿਆਨਕ ਗਰਮੀ ਕਾਰਨ ਬਿਜਲੀ ਦੀ ਮੰਗ ਰਿਕਾਰਡ ਪੱਧਰ 'ਤੇ ਪਹੁੰਚ ਗਈ ਹੈ। ਸੂਬੇ ਵਿੱਚ ਤਾਪਮਾਨ 43 ਡਿਗਰੀ ਤੋਂ ਪਾਰ ਜਾਣ ਨਾਲ ਬਿਜਲੀ ਦੀ ਖਪਤ 13,900 ਮੈਗਾਵਾਟ ਤੱਕ ਪਹੁੰਚ ਚੁੱਕੀ ਹੈ। ਖਰਾਬ ਲਾਈਨਾਂ ਅਤੇ ਤਕਨੀਕੀ ਨੁਕਸਾਂ ਕਾਰਨ ਕਈ ਇਲਾਕਿਆਂ ਵਿੱਚ ਲੋਕਾਂ ਨੂੰ ਅਣਐਲਾਨੇ ਬਿਜਲੀ ਕੱਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੌਸਮ ਵਿਭਾਗ ਮੁਤਾਬਕ ਅਗਲੇ ਇੱਕ ਹਫ਼ਤੇ ਤੱਕ ਮੀਂਹ ਦੀ ਸੰਭਾਵਨਾ ਨਾ ਹੋਣ ਕਾਰਨ ਬਿਜਲੀ ਦੀ ਮੰਗ 14,000 ਮੈਗਾਵਾਟ ਤੱਕ ਪਹੁੰਚ ਸਕਦੀ ਹੈ। ਪਾਵਰਕਾਮ ਅਧਿਕਾਰੀਆਂ ਮੁਤਾਬਕ AC ਅਤੇ ਕੂਲਰਾਂ ਦੀ ਵਧੀ ਵਰਤੋਂ ਕਾਰਨ ਬਿਜਲੀ ਦੀ ਖਪਤ ਵਿੱਚ ਤੇਜ਼ੀ ਆਈ ਹੈ। ਸਕੂਲਾਂ ਵਿੱਚ ਗਰਮੀਆਂ ਦੀਆਂ ਛੁੱਟੀਆਂ ਨਾ ਹੋਣ ਕਰਕੇ ਵੀ ਬਿਜਲੀ ਦੀ ਮੰਗ ਲਗਾਤਾਰ ਵੱਧ ਰਹੀ ਹੈ।

# ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਦਾ ਆਗਾਜ਼;ਰਿਸ਼ੀਕੇਸ਼ ਤੋਂ ਪੰਜ ਪਿਆਰਿਆਂ ਦੀ ਅਗਵਾਈ ਹੇਠ ਪਹਿਲਾ ਜੱਥਾ ਰਵਾਨਾ



**ਅੰਮ੍ਰਿਤਸਰ : ਆਪਣਾ ਪੰਜਾਬ ਮੀਡੀਆ :** ਉੱਤਰਾਖੰਡ ਦੇ ਹਿਮਾਲੀਅਨ ਖੇਤਰ ਵਿੱਚ ਸਮੁੰਦਰ ਤਲ ਤੋਂ ਕਰੀਬ 15 ਹਜ਼ਾਰ ਫੁੱਟ ਦੀ ਉਚਾਈ 'ਤੇ ਸਥਿਤ ਸਿੱਖਾਂ ਦੇ ਪਵਿੱਤਰ ਤੀਰਥ ਅਸਥਾਨ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ 20 ਮਈ ਤੋਂ ਪੂਰੀ ਸ਼ਰਧਾ ਅਤੇ ਖ਼ਾਲਸਾਈ ਪਰੰਪਰਾਵਾਂ ਨਾਲ ਸ਼ੁਰੂ ਹੋ ਗਈ ਹੈ।

ਗੁਰਦੁਆਰਾ ਸ੍ਰੀ ਰਿਸ਼ੀਕੇਸ਼ ਵਿਖੇ ਕਰਵਾਏ ਵਿਸ਼ੇਸ਼ ਸਮਾਗਮ ਦੌਰਾਨ ਪੰਜ ਪਿਆਰਿਆਂ ਦੀ ਅਗਵਾਈ ਹੇਠ ਸ਼ਰਧਾਲੂਆਂ ਦੇ ਪਹਿਲੇ ਜੱਥੇ ਨੂੰ ਜੈਕਾਰਿਆਂ ਦੀ ਗੂੰਜ ਵਿੱਚ ਰਵਾਨਾ ਕੀਤਾ ਗਿਆ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਪਵਿੱਤਰ ਕਪਾਟ 23 ਮਈ ਨੂੰ ਸੰਗਤਾਂ ਲਈ ਰਸਮੀ ਤੌਰ 'ਤੇ ਖੋਲ੍ਹੇ ਜਾਣਗੇ। ਇਸ ਮੌਕੇ ਉੱਤਰਾਖੰਡ ਦੇ ਰਾਜਪਾਲ ਲੈਫ਼ਟੀਨੈਂਟ ਜਨਰਲ ਗੁਰਮੀਤ ਸਿੰਘ (ਸੇਵਾਮੁਕਤ), ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ, ਦਿੱਲੀ ਦੇ ਲੈਫ਼ਟੀਨੈਂਟ ਗਵਰਨਰ ਤਰਨਜੀਤ ਸਿੰਘ ਸੰਧੂ ਅਤੇ ਕਈ ਹੋਰ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਰਹੀਆਂ।







Copyright: Apna Punjab Media 2025-26
Graphic & Design: Apna Punjab Media Team



ਸੱਚ ਦੀ ਆਵਾਜ਼

# ਆਪਣਾ ਪੰਜਾਬ

BILINGUAL

ESTD. 2005

*Journalism With Guts to Tell It Like It Is!*

Google apna punjab media

COVERING DIASPORA INTERNATIONALLY

APNA PUNJAB media.tv HD

Founder & Chief Editor: Gurmit Singh

1 516 989 8001 | 1 631 835 8000

CORPORATE OFFICE:
NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com




## BREAKING NEWS

HONOURING THE HEROES by Sikhs of America Inc., USA ਵਲੋਂ 17 ਮਈ 2026 ਨੂੰ ਕਰਵਾਏ ਗਏ ਸ਼ਾਨਦਾਰ ਸਮਾਗਮ ਦੀ ਵਿਸਤ੍ਰਿਤ ਕਵਰੇਜ ਆਉਣ ਵਾਲੇ ਅੰਕ ਵਿੱਚ ਪਾਠਕਾਂ ਨਾਲ ਸਾਂਝੀ ਕੀਤੀ ਜਾਵੇਗੀ। ਇਸ ਵਿਸ਼ੇਸ਼ ਇਵੇਂਟ ਦੀਆਂ ਯਾਦਗਾਰ ਝਲਕੀਆਂ ਅਤੇ ਖਾਸ ਪਲਾਂ ਨੂੰ ਸਾਡੇ ਟੀਵੀ ਚੈਨਲ ਰਾਹੀਂ ਵੀ ਵਿਸ਼ੇਸ਼ ਤੌਰ 'ਤੇ ਗਲੋਬਲ ਪੱਧਰ 'ਤੇ ਪ੍ਰਸਾਰਿਤ ਕੀਤੇ ਜਾਣਗੇ।





CENTER FOR SOCIAL CHANGE
We Change Lives

# CENTER FOR SOCIAL CHANGE

OUR VISION

Our vision is to provide programs & services to individuals with developmental disabilities & related disorders including autism to live & work in the community & exercise their rights, choice - & freedom & to live independent of institutional life through integrated effects of change agents who are passionate about changing lives of people with disabilities throughout the world.





JASDEEP SINGH JASSI
CHAIRMAN
CENTER FOR SOCIAL CHANGE



SAJID TRAR
CHAIRMAN
CENTER FOR SOCIAL CHANGE

6600 Amberton Dr. Elkridge, MD 21075, USA

Phone: 41-569-6789 Fax: 41-796-1201

www.centerforsocialckange.org E-mail: info@centerforsocialchange.org

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Founder & Chief Editor: Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE: NEWYORK - CHANDIGARH
apna punjab media
Follow Us On /apnapunjabmedia
www.apnapunjabmedia.com newsroom@apnapunjabmedia.com



# ਪ੍ਰਬੰਧਕੀ ਫ਼ੈਸਲਿਆਂ 'ਚ ਦੇਰ ਲੋਕਾਂ ਨੂੰ ਹਿੱਤਾਂ ਤੋਂ ਵਾਂਝੇ ਕਰਨ ਦੇ ਤੁੱਲ : President Droupadi Murmu



**ਨਵੀਂ ਦਿੱਲੀ :ਆਪਣਾ ਪੰਜਾਬ ਮੀਡੀਆ:** ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਅੱਜ ਕਿਹਾ ਕਿ ਫ਼ੈਸਲੇ ਲੈਣ ਤੋਂ ਪਿੱਛੇ ਹਟਣਾ ਨੈਤਿਕਤਾ ਨਹੀਂ ਹੈ, ਬਲਕਿ ਲੋਕਾਂ ਨੂੰ ਉਨ੍ਹਾਂ ਦੇ ਜਾਇਜ਼ ਹਿੱਤਾਂ ਤੋਂ ਵਾਂਝੇ ਕਰਨ ਦੇ ਤੁੱਲ ਹੈ। ਇੱਥੇ ਰਾਸ਼ਟਰਪਤੀ ਭਵਨ ਵਿੱਚ ਮੁਲਾਕਾਤ ਕਰਨ ਆਏ 2024 ਬੈਚ ਦੇ ਭਾਰਤੀ ਪ੍ਰਸ਼ਾਸਨਿਕ ਸੇਵਾ (ਆਈ ਏ ਐੱਸ) ਦੇ ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਰਾਸ਼ਟਰਪਤੀ ਮੁਰਮੂ ਨੇ ਕਿਹਾ, "ਤੁਹਾਨੂੰ ਇਮਾਨਦਾਰ ਅਤੇ ਨੈਤਿਕ ਹੋਣਾ ਪਵੇਗਾ। ਇਸ ਦੇ ਨਾਲ ਹੀ, ਤੁਹਾਨੂੰ ਨਤੀਜੇ ਵੀ ਦੇਣੇ ਪੈਣਗੇ। ਆਈ ਏ ਐੱਸ ਅਧਿਕਾਰੀਆਂ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਉਨ੍ਹਾਂ ਨੂੰ ਸੌਂਪੀਆਂ ਗਈਆਂ ਤਾਕਤਾਂ ਦੀ ਵਰਤੋਂ ਕਰਨ।" ਰਾਸ਼ਟਰਪਤੀ ਨੇ ਕਿਹਾ, "ਫ਼ੈਸਲਾ ਲੈਣ ਤੋਂ ਬਚਣਾ ਜਾਂ ਪਿੱਛੇ ਹਟਣਾ ਕੋਈ ਨੈਤਿਕਤਾ ਨਹੀਂ ਕਹਾਉਂਦਾ। ਇਸ ਦੀ ਬਜਾਏ, ਲੋਕ ਹਿੱਤ ਅਤੇ ਸਥਾਪਤ ਵਿਵਸਥਾ ਦੇ ਅਨੁਕੂਲ ਸਹੀ ਫ਼ੈਸਲੇ ਲੈਣਾ ਹੀ ਨੈਤਿਕਤਾ ਦਾ ਅਸਲ ਤੱਤ ਹੈ। ਜਿਸ ਤਰ੍ਹਾਂ ਨਿਆਂ ਦੇਣ ਵਿੱਚ ਦੇਰੀ ਨੂੰ ਨਿਆਂ ਤੋਂ ਇਨਕਾਰ ਮੰਨਿਆ ਜਾਂਦਾ ਹੈ, ਉਵੇਂ ਹੀ ਪ੍ਰਬੰਧਕੀ ਫ਼ੈਸਲੇ ਲੈਣ ਵਿੱਚ ਦੇਰ ਵੀ ਲੋਕਾਂ ਨੂੰ ਉਨ੍ਹਾਂ ਦੇ ਜਾਇਜ਼ ਹਿੱਤਾਂ ਤੋਂ ਵਾਂਝੇ ਕਰਨ ਦੇ ਤੁੱਲ ਹੈ।"

# ਮੋਦੀ, ਸ਼ਾਹ ਅਤੇ ਆਰ ਐੱਸ ਐੱਸ ਗ਼ੱਦਾਰ : Rahul Gandhi

## ਚੋਣਵੇਂ ਸਨਅਤਕਾਰਾਂ ਨੂੰ ਦੇਸ਼ ਦੇ ਹਿੱਤ ਵੇਚਣ ਦੇ ਦੋਸ਼; ਭਵਿੱਖ ਵਿੱਚ ਵੱਡੇ ਆਰਥਿਕ ਸੰਕਟ ਤੇ ਮਹਿੰਗਾਈ ਵਧਣ ਦੀ ਚਿਤਾਵਨੀ




**ਰਾਏਬਰੇਲੀ :ਆਪਣਾ ਪੰਜਾਬ ਮੀਡੀਆ:** ਕਾਂਗਰਸ ਦੇ ਸੀਨੀਅਰ ਆਗੂ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਆਰ ਐੱਸ ਐੱਸ ਨੂੰ ਗ਼ੱਦਾਰ ਦੱਸਦਿਆਂ ਉਨ੍ਹਾਂ 'ਤੇ ਦੇਸ਼ ਦੇ ਸੰਵਿਧਾਨ 'ਤੇ ਲਗਾਤਾਰ ਹਮਲੇ ਕਰਨ ਅਤੇ ਚੋਣਵੇਂ ਸਨਅਤਕਾਰਾਂ ਨੂੰ ਦੇਸ਼ ਦੇ ਹਿੱਤ ਵੇਚਣ ਦੇ ਦੋਸ਼ ਲਾਏ ਹਨ। ਆਪਣੇ ਸੰਸਦੀ ਖੇਤਰ ਰਾਏਬਰੇਲੀ ਦੇ ਦੌਰੇ ਦੌਰਾਨ ਕ੍ਰਾਂਤੀਕਾਰੀ ਵੀਰਾ ਪਾਸੀ ਦੀ ਯਾਦ ਵਿੱਚ ਕਰਵਾਈ ਗਈ 'ਬਹੁਜਨ ਸਵਾਭਿਮਾਨ ਸਭਾ' ਨੂੰ ਸੰਬੋਧਨ ਕਰਦਿਆਂ ਕਾਂਗਰਸ ਆਗੂ ਨੇ ਲੋਕਾਂ ਨੂੰ ਦੇਸ਼ ਦੇ ਹਿੱਤਾਂ ਅਤੇ ਸੰਵਿਧਾਨ ਦੀ ਰਾਖੀ ਲਈ ਲੜਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਅਮਰੀਕਾ ਅਤੇ ਇਰਾਨ ਵਿਚਾਲੇ ਚੱਲ ਰਹੀ ਜੰਗ ਕਾਰਨ ਆਉਣ ਵਾਲੇ ਮਹੀਨਿਆਂ ਵਿੱਚ ਦੇਸ਼ ਨੂੰ ਵੱਡੇ ਆਰਥਿਕ ਸੰਕਟ ਅਤੇ ਭਾਰੀ ਮਹਿੰਗਾਈ ਦਾ ਸਾਹਮਣਾ ਕਰਨਾ ਪਵੇਗਾ। ਤੇਲ ਦੀ ਸਪਲਾਈ ਪ੍ਰਭਾਵਿਤ ਹੋਣ ਨਾਲ ਪੈਟਰੋਲ, ਡੀਜ਼ਲ, ਰਸੋਈ ਗੈਸ ਅਤੇ ਅਨਾਜ ਦੀਆਂ ਕੀਮਤਾਂ ਰਿਕਾਰਡ ਪੱਧਰ 'ਤੇ ਪਹੁੰਚ ਜਾਣਗੀਆਂ।

# ਦਾਦੀ ਦੇ 'ਥਾਪੇ' ਤੋਂ ਕ੍ਰਿਕਟ ਮੈਦਾਨ ਤੱਕ: Indian Cricket team ਵਿੱਚ ਚੁਣਿਆ ਗਿਆ Gurnoor Brar




**ਲੰਬੀ :ਆਪਣਾ ਪੰਜਾਬ ਮੀਡੀਆ:** ਸਿਆਸਤ ਵਿੱਚ ਵੱਡੇ ਨਾਂ ਵਜੋਂ ਜਾਣਿਆ ਜਾਣ ਵਾਲੇ ਲੰਬੀ ਪਿੰਡ ਨੂੰ ਨਵੀਂ ਪਹਿਚਾਣ ਮਿਲਣ ਲੱਗੀ ਹੈ। ਪਿੰਡ ਖਿਉਵਾਲੀ ਦੇ ਬਰਾੜ ਪਰਿਵਾਰ ਦੇ ਜੰਮਪਲ ਅਤੇ 6 ਫੁੱਟ 4 ਇੰਚ ਲੰਬਾ ਤੇਜ਼ ਗੇਂਦਬਾਜ਼ ਗੁਰਨੂਰ ਸਿੰਘ ਬਰਾੜ ਭਾਰਤੀ ਕ੍ਰਿਕਟ ਟੀਮ ਮੈਂਬਰ ਬਣ ਗਿਆ ਹੈ। ਆਈ.ਪੀ.ਐੱਲ. ਵਿੱਚ ਪੰਜਾਬ ਕਿੰਗਜ਼ ਅਤੇ ਗੁਜਰਾਤ ਟਾਈਟਨਜ਼ ਵਰਗੀਆਂ ਨਾਮੀ ਫ੍ਰੈਂਚਾਈਜ਼ੀਜ਼ ਲਈ ਖੇਡ ਚੁੱਕੇ ਅਤੇ ਘਰੇਲੂ ਕ੍ਰਿਕਟ ਵਿੱਚ ਪੰਜਾਬ ਵੱਲੋਂ ਲਗਾਤਾਰ ਰਫ਼ਤਾਰ ਦੇ ਜੌਹਰ ਦਿਖਾਉਣ ਵਾਲੇ ਇਸ 25 ਸਾਲਾ ਸੱਜੇ ਹੱਥ ਦੇ ਗੇਂਦਬਾਜ਼ ਦਾ ਕ੍ਰਿਕਟ ਨਾਲ ਪੁਰਾਣਾ ਨਾਤਾ ਹੈ। ਬਚਪਨ ਵਿੱਚ ਜਦੋਂ ਗੁਰਨੂਰ ਚੰਡੀਗੜ੍ਹ ਤੋਂ ਆਪਣੇ ਜੱਦੀ ਪਿੰਡ ਆਉਂਦਾ ਸੀ, ਤਾਂ ਉਹ ਆਪਣੀ ਦਾਦੀ ਗੁਰਦਾਸ ਕੌਰ ਨਾਲ ਕੱਪੜੇ ਧੋਣ ਵਾਲੇ 'ਥਾਪੇ' ਨੂੰ ਬੈਟ ਬਣਾ ਕੇ ਕ੍ਰਿਕਟ ਖੇਡਦਾ ਹੁੰਦਾ ਸੀ। ਦਾਦੀ ਦੇ ਉਸੇ ਲਾਡ ਅਤੇ ਮੋਹ ਭਿੱਜੇ ਥਾਪੇ ਤੋਂ ਸ਼ੁਰੂ ਹੋਈ ਇਹ ਖੇਡ ਅੱਜ ਉਸ ਨੂੰ ਕੌਮਾਂਤਰੀ ਪੱਧਰ 'ਤੇ ਲੈ ਪਹੁੰਚੀ ਹੈ।ਇਸ ਵੱਡੀ ਪ੍ਰਾਪਤੀ ਤੋਂ ਬਾਅਦ ਖਿਉਵਾਲੀ ਵਿਖੇ ਉਸ ਦੇ ਜੱਦੀ ਘਰ ਵਿੱਚ ਜਸ਼ਨ ਦਾ ਮਾਹੌਲ ਹੈ। ਗੁਰਨੂਰ ਦੇ ਦਾਦਾ ਅਮਰਜੀਤ ਸਿੰਘ ਬਰਾੜ ਅਤੇ ਦਾਦੀ ਗੁਰਦਾਸ ਕੌਰ ਆਪਣੇ ਪੋਤਰੇ ਦੀ ਇਸ ਸਫ਼ਲਤਾ 'ਤੇ ਬਹੁਤ ਖੁਸ਼ ਹਨ। ਦਾਦੀ ਗੁਰਦਾਸ ਕੌਰ ਨੇ ਪੱਤਰਕਾਰਾਂ ਨੂੰ ਗੁਰਨੂਰ ਦੀ ਬਚਪਨ ਦੀ ਤਸਵੀਰ ਦਿਖਾਉਂਦਿਆਂ ਭਾਵੁਕ ਹੋ ਕੇ ਕਿਹਾ ਕਿ ਇਹ ਛੋਟਾ ਹੁੰਦਾ ਥਾਪਾ ਫੜ ਕੇ ਮੈਨੂੰ ਜ਼ਿੱਦ ਨਾਲ ਆਪਣੇ ਨਾਲ ਖੇਡਣ ਲਾ ਲੈਂਦਾ ਸੀ, ਪਰ ਉਦੋਂ ਇਹ ਚਿੱਤ-ਚੇਤੇ ਵੀ ਨਹੀਂ ਸੀ ਕਿ ਇਹ ਖੇਡ ਇੱਕ ਦਿਨ ਪਿੰਡ ਦਾ ਨਾਮ ਪੂਰੀ ਦੁਨੀਆ ਵਿੱਚ ਚਮਕਾ ਦੇਵੇਗੀ।

# ਭਾਰਤ ਪੱਛਮੀ ਏਸ਼ੀਆ ਸੰਕਟ ਬਾਰੇ ਚੌਕਸ ਰਹੇ: Kinjarapu Rammohan Naidu



**ਰਾਂਚੀ :ਆਪਣਾ ਪੰਜਾਬ ਮੀਡੀਆ:** ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਕਿੰਜਰਾਪੂ ਰਾਮਮੋਹਨ ਨਾਇਡੂ ਨੇ ਕਿਹਾ ਹੈ ਕਿ ਦੇਸ਼ ਨੂੰ ਪੱਛਮੀ ਏਸ਼ੀਆ ਵਿੱਚ ਵਧ ਰਹੇ ਸੰਕਟ ਦੇ ਕਿਸੇ ਵੀ ਸੰਭਾਵੀ ਪ੍ਰਭਾਵ ਨਾਲ ਨਜਿੱਠਣ ਲਈ ਤਿਆਰ ਰਹਿਣਾ ਚਾਹੀਦਾ ਹੈ, ਹਾਲਾਂਕਿ ਫ਼ਿਲਹਾਲ ਸਥਿਤੀ ਭਾਰਤ ਲਈ ਚਿੰਤਾ ਵਾਲੀ ਨਹੀਂ ਹੈ। ਇਸ ਦੌਰਾਨ ਰਾਂਚੀ ਹਵਾਈ ਅੱਡੇ 'ਤੇ ਯਾਤਰੀਆਂ ਦੀ ਸਹੂਲਤ ਲਈ ਕਈ ਪ੍ਰਾਜੈਕਟਾਂ ਦੀ ਸ਼ੁਰੂਆਤ ਕਰਦਿਆਂ ਉਨ੍ਹਾਂ ਦੱਸਿਆ ਕਿ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਦੀ ਸੋਧੀ ਹੋਈ ਖੇਤਰੀ ਕੁਨੈਕਟੀਵਿਟੀ ਯੋਜਨਾ, ਉਡਾਣ 2 ਜਲਦੀ ਹੀ ਲਗਪਗ 29,000 ਕਰੋੜ ਰੁਪਏ ਦੇ ਬਜਟ ਨਾਲ ਸ਼ੁਰੂ ਕੀਤੀ ਜਾਵੇਗੀ। ਰਾਂਚੀ ਦੇ ਆਪਣੇ ਪਹਿਲੇ ਦੌਰੇ ਦੌਰਾਨ ਨਾਇਡੂ ਨੇ ਕਿਹਾ ਕਿ ਸ਼ਹਿਰੀ ਹਵਾਬਾਜ਼ੀ ਸਣੇ ਹਰੇਕ ਖੇਤਰ ਨੂੰ ਲੋਕਾਂ ਅਤੇ ਦੇਸ਼ 'ਤੇ ਇਸ ਸੰਕਟ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਅਗਾਊ ਤੌਰ 'ਤੇ ਯੋਜਨਾ ਬਣਾਉਣੀ ਚਾਹੀਦੀ ਹੈ। ਉਨ੍ਹਾਂ ਪੱਤਰਕਾਰਾਂ ਨੂੰ ਦੱਸਿਆ, "ਸਥਿਤੀ ਇਸ ਸਮੇਂ ਚਿੰਤਾਜਨਕ ਨਹੀਂ ਹੈ, ਪਰ ਸਾਨੂੰ ਚੌਕਸ ਰਹਿਣ ਦੀ ਲੋੜ ਹੈ। ਸ਼ਹਿਰੀ ਹਵਾਬਾਜ਼ੀ ਸਣੇ ਹਰੇਕ ਖੇਤਰ ਨੂੰ ਇਸ ਦੇ ਪ੍ਰਭਾਵ ਦਾ ਮੁਲਾਂਕਣ ਕਰਨਾ ਹੋਵੇਗਾ ਅਤੇ ਥੋੜ੍ਹੇ ਸਮੇਂ, ਦਰਮਿਆਨੇ ਸਮੇਂ ਅਤੇ ਲੰਬੇ ਸਮੇਂ ਦੀਆਂ ਰਣਨੀਤੀਆਂ ਤਿਆਰ ਕਰਨੀਆਂ ਪੈਣਗੀਆਂ।"


Copyright: Apna Punjab Media 2025-26




# PASSPORT VISA & IMMIGRATION ASSISTANCE

OUR BEST SERVICE

## Immigration Form Fill Out

- Citizenship Application
- Relative Petition
- Re-Entry Permit
- Affidavit of Support
- Adjustment of Status
- Visa Extension
- Advance Parole
- Condition Removal
- Work Authorization
- Travel document, etc

## Travel/ Flight Tickets

- All Domestic & International Ticketing

## Passport- Visa

- Passport Renewal
- OCI
- Sponsership
- UK Visa
- China Visa
- Visa
- Renunciation
- USA Passport
- Scahenegen Visa
- Pakistan Visa
- Guyana Passport
- Renewal
- Renunciation
- USA Passport
- Scahenegen Visa
- Pakistan Visa
- Guyana Passport
- Renewal

## Miscellaneous Service

- Translation Services: Punjabi to English, Hindi & Hindi , English to Punjabi
- Power of Attorney
- Pan Card



## Tax & Accounting, E Filing, Corporate Taxes

- E-Filing
- Individual Income Tax of all U.S States
- Current Year & All prior Years Tax Returns
- Self Employed Taxes
- Business Tax, Corporate Tax, Sales Tax
- Employee payroll & Book Keeping Services

More info : 347 956 0721 917 396 8699

info@indianpassportcenter.com www.indianpassportcenter.com

97-28 Lefferts Blvd South Richmond Hill NY 11419



Copyright: Apna Punjab Media 2025-26
Graphic & Design: Apna Punjab Media Team



ਸੱਚ ਦੀ ਆਵਾਜ਼

ਆਪਣਾ ਪੰਜਾਬ BILINGUAL ESTD. 2005

Journalism With Guts to Tell It Like It Is!

COVERING DIASPORA INTERNATIONALLY

APNA PUNJAB media.tv HD

Founder & Chief Editor : Gurmit Singh

1 516 989 8001 | 1 631 835 8000

CORPORATE OFFICE : NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com

20 VOL XVIII, ISSUE 1928 | FRIDAY MAY 22, 2026

NEW YORK


ਕਥਾ ਵਾਚਕ ਗਿਆਨੀ ਧਰਮਵੀਰ ਸਿੰਘ ਲੁਧਿਆਣੇ ਵਾਲੇ ਹੈੱਡ ਗ੍ਰੰਥੀ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਨਿਊਯਾਰਕ (ਅਮਰੀਕਾ) ਵਾਲਿਆਂ ਵੱਲੋਂ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਗੁਰਮਤਿ ਦੇ ਵੱਖ ਵੱਖ ਵਿਸ਼ਿਆ ਤੇ ਲਿਖੇ ਗਏ ਲੇਖ ਅਸੀ ਆਪਣਾ ਪੰਜਾਬ ਵਿੱਚ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਹੇ ਹਾਂ।

ਵੱਲੋਂ ਗੁਰਮੀਤ ਸਿੰਘ ਚੀਫ਼ ਐਡੀਟਰ ਆਪਣਾ ਪੰਜਾਬ ਮੀਡੀਆ ਗਰੁੱਪ ਨਿਊਯਾਰਕ



ਗਿਆਨੀ ਧਰਮਵੀਰ ਸਿੰਘ

ਕਿਸ਼ਤ ਨੰਬਰ 71

# ਸਿਖੀ ਸਿਖਿਆ ਗੁਰ ਵੀਚਾਰਿ

ਸਿੱਖ ਉਹ ਹੈ ਜਿਸ ਦੇ ਅੰਦਰ ਸਿਖੀ ਹੈ। ਸਿੱਖੀ ਉਸ ਦੇ ਅੰਦਰ ਹੈ ਜਿਸ ਪਾਸ ਗੁਰ ਦੀ ਸਿੱਖਿਆ ਹੈ। ਗੁਰ ਦੀ ਸਿੱਖਿਆ ਉਸ ਕੋਲ ਹੈ ਜਿਸ ਕੋਲ ਗੁਰੂ ਦੀ ਵੀਚਾਰ ਹੈ ਭਾਵ ਜਿਸ ਦੇ ਪਾਸ ਗੁਰੂ ਦੀ ਮੱਤ ਹੈ, ਜੋ ਗੁਰਮਤਿ ਦਾ ਧਾਰਨੀ ਹੈ ਗਰਬਾਣੀ ਦਾ ਫੁਰਮਾਨ ਹੈ ਕਿ ਪੜਨ ਲਿਖਣ ਵੀਚਾਰਨ ਅਤੇ ਪੂਜਾ ਕਰਨ ਦਾ ਤਾਂ ਹੀ ਲਾਭ ਹੈ ਜੇਕਰ ਅਸੀਂ ਸਤਿਗੁਰ ਜੀ ਦੀ ਆਗਿਆ ਨੂੰ ਸਤ ਕਰਕੇ ਮੰਨਿਆ ਅਤੇ ਕਮਾਇਆ ਹੈ :-

ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥ ੧ ॥ (ਅੰਗ ੬੬੯ )

ਗੁਰਬਾਣੀ ਦਾ ਬਚਨ ਹੈ ਕਿ ਭਾਵੇਂ ਸਾਰੀ ਉਮਰ ਧਾਰਮਿਕ ਪੁਸਤਕਾਂ ਪੜ੍ਹਦੇ ਰਹੀਏ ਗੱਡਿਆਂ ਦੇ ਗੱਡੇ ਕਿਤਾਬਾਂ ਦੇ ਪੜ੍ਹ ਲਈਏ ਪਰ ਜੇ ਅਮਲ ਨਹੀਂ ਕੀਤਾ ਤਾਂ ਸਭ ਕੁਝ ਵਿਅਰਥ :-

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥
ਪੜੀਅਹਿ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥
ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥ (ਆਸਾ ਦੀ ਵਾਰ)
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰ॥ (ਅੰਗ ੫੯੪)

ਗੁਰਬਾਣੀ ਭਾਈ ਸਾਹਿਬ ਭਾਈ ਗੁਰਦਾਸ ਜੀ ਦੇ ਸਾਨੂੰ ਮਨ ਨੂੰ ਠੋਕਰ ਮਾਰਨ ਲਈ ਅੰਮ੍ਰਿਤ ਬੋਲ ਹਨ ਕਿ ਖੰਡ ਖੰਡ ਕਹਿਣ ਨਾਲ ਮੂੰਹ ਮਿੱਠਾ ਨਹੀਂ ਹੋ ਸਕਦਾ। ਅੱਗ ਅੱਗ ਕਹਿਣ ਨਾਲ ਠੰਡ ਨਹੀਂ ਰੁਕ ਸਕਦੀ। ਵੈਦ ਵੈਦ ਕਹਿਣ ਨਾਲ ਰੋਗ ਨਹੀਂ ਮੁੱਕਣਾ। ਧਨ ਧਨ ਕਹਿਣ ਨਾਲ ਅਮੀਰ ਨਹੀਂ ਬਣ ਜਾਈਦਾ। ਚੰਦਨ ਚੰਦਨ ਕੇਵਲ ਮੰਹ ਤੋਂ ਬੋਲਣ ਨਾਲ ਸੁਗੰਧੀ ਨਹੀਂ ਆਉਂਦੀ। ਚੰਦਰਮਾ ਚੰਦਰਮਾ ਕਹਿਣ ਨਾਲ ਚਾਨਣ ਨਹੀਂ ਹੁੰਦਾ, ਇਸੇ ਤਰ੍ਹਾਂ ਕੇਵਲ ਗਿਆਨ ਦੀਆਂ ਗੱਲਾਂ ਕਰਨ ਨਾਲ ਰਹਿਤ ਨਹੀਂ ਬਣਦੀ ਇਥੇ ਤਾਂ ਕਰਨੀ ਪ੍ਰਧਾਨ ਹੈ :-

ਖਾਂਡ ਖਾਂਡ ਕਹੈ ਜਿਹਬ ਨਾਂ ਸੁਆਦ ਮੀਠੋ ਆਵੈ।
ਅਗਨਿ ਅਗਨਿ ਕਹੈ ਸੀਤ ਨਾ ਬਿਨਾਸ ਹੈ।
ਬੈਦ ਬੈਦ ਕਹੈ ਰੋਗ ਨ ਮਿਟਤ ਕਾਹੂੰ ਕੋ,
ਦਰਬ ਦਰਬ ਕਹੈ ਕੋਊ ਦਰਬਹਿ ਨਾ ਬਿਲਾਸ ਹੈ।
ਚੰਦਨ ਚੰਦਨ ਕਹੈ ਪ੍ਰਗਟੈ ਨਾ ਸੁਬਾਸ ਬਾਸ
ਚੰਦ ਚੰਦ ਕਹੈ ਉਜੀਆਰੋ ਨਾ ਪਰਗਾਸ ਹੈ।
ਤੈਸੇ ਗਿਆਨ ਗੋਸ਼ਟ ਕਰਤ ਨ ਰਹਿਤ
ਆਵੈ ਕਰਨੀ ਪ੍ਰਧਾਨ ਭਾਨ ਉਦਤਿ ਅਕਾਸ਼ ਹੈ।

ਚੰਦਨ ਚੰਦਨ ਕੇਵਲ ਮੂੰਹ ਤੋਂ ਬੋਲਣ ਨਾਲ ਸੁਗੰਧੀ ਨਹੀਂ ਆਉਂਦੀ। ਚੰਦਰਮਾ ਚੰਦਰਮਾ ਕਹਿਣ ਨਾਲ ਚਾਨਣ ਨਹੀਂ ਹੁੰਦਾ, ਇਸੇ ਤਰ੍ਹਾਂ ਕੇਵਲ ਗਿਆਨ ਦੀਆਂ ਗੱਲਾਂ ਕਰਨ ਨਾਲ ਰਹਿਤ

ਪੂਛਤ ਪਥਕਿ ਤਿਹ ਮਾਰਗ ਨਾ ਧਰੈ ਪਗ
ਪ੍ਰੀਤਮ ਕੇ ਦੇਸ ਕੈਸੇ ਬਾਤਨ ਸੇ ਜਾਈਐ॥

ਭਾਵੇਂ ਸਾਡੇ ਪਾਸ ਗੁਰਮਤਿ ਮਰਯਾਦਾ ਅਤੇ ਕਰਣੀ ਨਹੀਂ, ਅਸੀਂ ਗੁਰ ਉਪਦੇਸ਼ ਕਮਾਵਣ ਵਲੋਂ ਕੋਰੇ ਹਾਂ, ਪਰ ਫਿਰ ਵੀ ਸਮਝਦੇ ਆਪਣੇ ਆਪ ਨੂੰ ਸਿੱਖ ਹਾਂ। ਨਹੀਂ ਭਾਈ! ਸਿੱਖੀ ਸਿਖਿਆ ਗੁਰ ਵੀਚਾਰਿ ਦਾ ਧਾਰਨੀ ਬਣਨਾ ਪਵੇਗਾ ਤਾਂ ਹੀ ਸਿੱਖ ਅਖਵਾਣ ਕੇ ਹੱਕਦਾਰ ਹੋਵਾਂਗੇ।

ਚਲਦਾ...


Copyright: Apna Punjab Media 2025-26




ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Founder & Chief Editor: Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE: NEWYORK - CHANDIGARH
Google apna punjab media
Follow Us On /apnapunjabmedia
www.apnapunjabmedia.com newsroom@apnapunjabmedia.com





BREAKING NEWS
ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।
Visit our dedicated pages for the latest national and international news.


# ਯੂਰਪੀ ਸਾਥੀਆਂ ਨਾਲ ਤਣਾਅ ਦਰਮਿਆਨ ਟਰੰਪ ਜੀ-7 ਸਮਿੱਟ 'ਚ ਹੋਣਗੇ ਸ਼ਾਮਲ




## ਫਰਾਂਸ ਵਿੱਚ ਹੋਣ ਵਾਲੇ ਸੰਮੇਲਨ ਦੌਰਾਨ ਈਰਾਨ, AI ਅਤੇ ਵਪਾਰ ਮੁੱਖ ਮੁੱਦੇ ਰਹਿਣਗੇ

**ਵਾਸ਼ਿੰਗਟਨ :ਆਪਣਾ ਪੰਜਾਬ ਮੀਡੀਆ:** ਅਮਰੀਕੀ ਰਾਸ਼ਟਰਪਤੀ Donald Trump ਜੂਨ ਵਿੱਚ ਫਰਾਂਸ ਵਿੱਚ ਹੋਣ ਵਾਲੇ ਜੀ-7 ਸੰਮੇਲਨ ਵਿੱਚ ਸ਼ਾਮਲ ਹੋਣਗੇ। ਇਹ ਸੰਮੇਲਨ 15 ਤੋਂ 17 ਜੂਨ ਤੱਕ ਫਰਾਂਸ ਦੇ Évian-les-Bains ਸ਼ਹਿਰ ਵਿੱਚ ਹੋਵੇਗਾ। ਰਿਪੋਰਟਾਂ ਮੁਤਾਬਕ ਇਸ ਦੌਰਾਨ ਆਰਟੀਫ਼ੀਸ਼ੀਅਲ ਇੰਟੈਲੀਜੈਂਸ, ਵਪਾਰ, ਇਮੀਗ੍ਰੇਸ਼ਨ, ਗਲੋਬਲ ਸੁਰੱਖਿਆ ਅਤੇ ਈਰਾਨ ਸੰਕਟ 'ਤੇ ਚਰਚਾ ਹੋਵੇਗੀ। ਟਰੰਪ ਦੇ ਬ੍ਰਿਟੇਨ, ਫਰਾਂਸ, ਜਰਮਨੀ ਅਤੇ ਇਟਲੀ ਵਰਗੇ ਯੂਰਪੀ ਸਾਥੀ ਦੇਸ਼ਾਂ ਨਾਲ ਈਰਾਨ ਮਾਮਲੇ 'ਤੇ ਮਤਭੇਦ ਵਧੇ ਹੋਏ ਹਨ। ਟਰੰਪ ਨੇ NATO ਦੇਸ਼ਾਂ 'ਤੇ ਅਮਰੀਕਾ ਦਾ ਪੂਰਾ ਸਾਥ ਨਾ ਦੇਣ ਦੇ ਦੋਸ਼ ਵੀ ਲਗਾਏ ਹਨ।ਜਰਮਨ ਚਾਂਸਲਰ Friedrich Merz ਨੇ ਹਾਲ ਹੀ ਵਿੱਚ ਅਮਰੀਕਾ ਨੂੰ NATO ਦਾ ਅਹਿਮ ਸਾਥੀ ਦੱਸਿਆ, ਹਾਲਾਂਕਿ ਇਸ ਤੋਂ ਪਹਿਲਾਂ ਉਹ ਟਰੰਪ ਦੀ ਨੀਤੀ ਦੀ ਆਲੋਚਨਾ ਕਰ ਚੁੱਕੇ ਹਨ। ਉੱਥੇ ਹੀ ਟਰੰਪ ਨੇ ਫਰਾਂਸੀਸੀ ਰਾਸ਼ਟਰਪਤੀ Emmanuel Macron 'ਤੇ ਵੀ ਨਿੱਜੀ ਟਿੱਪਣੀਆਂ ਕਰਕੇ ਵਿਵਾਦ ਖੜ੍ਹਾ ਕੀਤਾ ਸੀ।

# ਸੋਕੇ ਦੀ ਮਾਰ ਕਾਰਨ ਅਮਰੀਕਾ 'ਚ ਕਣਕ ਦੀ ਪੈਦਾਵਾਰ ਘਟਣ ਦਾ ਖ਼ਦਸ਼ਾ

## ਸਾਲ 1972 ਤੋਂ ਬਾਅਦ ਹਾਲਾਤ ਸਭ ਤੋਂ ਖ਼ਰਾਬ; ਖਾਦਾਂ ਅਤੇ ਤੇਲ ਦੀਆਂ ਵਧਦੀਆਂ ਕੀਮਤਾਂ ਨੇ ਮੁਸ਼ਕਲਾਂ ਵਧਾਈਆਂ



**ਮੋਂਟੇਜ਼ੁਮਾ : ਆਪਣਾ ਪੰਜਾਬ ਮੀਡੀਆ :** ਅਮਰੀਕਾ ਦੇ ਮੈਦਾਨੀ ਇਲਾਕਿਆਂ ਵਿੱਚ ਪੈ ਰਹੇ ਰਿਕਾਰਡ ਤੋੜ ਸੋਕੇ ਅਤੇ ਭਿਆਨਕ ਗਰਮੀ ਨੇ ਇਸ ਸਾਲ ਕਣਕ ਦੀ ਫ਼ਸਲ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ। ਅਮਰੀਕੀ ਖੇਤੀਬਾੜੀ ਮੰਤਰਾਲੇ (USDA) ਦੇ ਅਨੁਸਾਰ ਦੇਸ਼ ਵਿੱਚ ਕਣਕ ਦੀ ਪੈਦਾਵਾਰ ਸਾਲ 1972 ਤੋਂ ਬਾਅਦ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਸਕਦੀ ਹੈ, ਜਿਸ ਨਾਲ ਕਿਸਾਨਾਂ ਅਤੇ ਖਪਤਕਾਰਾਂ ਦੋਵਾਂ ਦੀ ਚਿੰਤਾ ਵਧ ਗਈ ਹੈ। ਖ਼ਾਸ ਕਰਕੇ ਕਾਂਸਾਸ, ਜੋ ਅਮਰੀਕਾ ਦਾ ਸਭ ਤੋਂ ਵੱਡਾ ਕਣਕ ਉਤਪਾਦਕ ਸੂਬਾ ਮੰਨਿਆ ਜਾਂਦਾ ਹੈ, ਉੱਥੇ ਹਾਲਾਤ ਬਹੁਤ ਗੰਭੀਰ ਹਨ। ਰਿਪੋਰਟਾਂ ਮੁਤਾਬਕ 58 ਫ਼ੀਸਦੀ ਕਣਕ ਦੀ ਫ਼ਸਲ ਨੂੰ "ਮਾੜੀ" ਜਾਂ "ਬਹੁਤ ਮਾੜੀ" ਸ਼੍ਰੇਣੀ ਵਿੱਚ ਦਰਜ ਕੀਤਾ ਗਿਆ ਹੈ। ਲੰਬੇ ਸਮੇਂ ਤੋਂ ਮੀਂਹ ਨਾ ਪੈਣ ਅਤੇ ਤਾਪਮਾਨ ਲਗਾਤਾਰ ਵਧਣ ਕਾਰਨ ਫ਼ਸਲ ਸਮੇਂ ਤੋਂ ਪਹਿਲਾਂ ਪੱਕ ਰਹੀ ਹੈ, ਜਿਸ ਨਾਲ ਅਨਾਜ ਦਾ ਆਕਾਰ ਅਤੇ ਗੁਣਵੱਤਾ ਦੋਵੇਂ ਪ੍ਰਭਾਵਿਤ ਹੋ ਰਹੇ ਹਨ। ਇਸਦੇ ਨਾਲ ਹੀ ਇਰਾਨ ਜੰਗ ਕਾਰਨ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਡੀਜ਼ਲ ਅਤੇ ਖਾਦਾਂ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਹੋਇਆ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਖਾਦਾਂ ਦੀਆਂ ਕੀਮਤਾਂ ਕਰੀਬ ਦੁੱਗਣੀਆਂ ਹੋ ਚੁੱਕੀਆਂ ਹਨ, ਜਦਕਿ ਡੀਜ਼ਲ ਮਹਿੰਗਾ ਹੋਣ ਕਾਰਨ ਖੇਤੀਬਾੜੀ ਦੀ ਲਾਗਤ ਕਾਫ਼ੀ ਵਧ ਗਈ ਹੈ। ਇਸ ਸਥਿਤੀ ਨੇ ਕਿਸਾਨਾਂ ਦੀ ਆਰਥਿਕ ਹਾਲਤ ਨੂੰ ਹੋਰ ਮੁਸ਼ਕਿਲ ਵਿੱਚ ਪਾ ਦਿੱਤਾ ਹੈ। ਕਈ ਕਿਸਾਨ ਹੁਣ ਫ਼ਸਲੀ ਬੀਮੇ 'ਤੇ ਨਿਰਭਰ ਹੋ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਫ਼ਸਲ ਤੋਂ ਲਾਭ ਦੀ ਉਮੀਦ ਘੱਟ ਰਹਿ ਗਈ ਹੈ। ਕੁਝ ਕਿਸਾਨਾਂ ਨੇ ਤਾਂ ਇਹ ਵੀ ਕਿਹਾ ਕਿ ਉਹ ਖੇਤੀਬਾੜੀ ਨੂੰ ਅਗਲੀ ਪੀੜ੍ਹੀ ਤੱਕ ਲਿਜਾਣ ਬਾਰੇ ਵੀ ਸੋਚਣ ਤੋਂ ਝਿਜਕ ਰਹੇ ਹਨ। ਖੇਤੀ ਮਾਹਰਾਂ ਦਾ ਮੰਨਣਾ ਹੈ ਕਿ ਇਸ ਮੰਦਹਾਲੀ ਕਾਰਨ ਆਲਮੀ ਕਣਕ ਮੰਡੀ ਵਿੱਚ ਅਮਰੀਕਾ ਦੀ ਸਥਿਤੀ ਕਮਜ਼ੋਰ ਹੋ ਰਹੀ ਹੈ ਅਤੇ ਉਹ ਹੁਣ ਰੂਸ ਅਤੇ ਯੂਰੋਪੀਅਨ ਸੰਘ ਤੋਂ ਪਿੱਛੇ ਛੱਡਿਆ ਜਾ ਰਿਹਾ ਹੈ।

# ਸਾਬਕਾ ਕਿਊਬਨ ਰਾਸ਼ਟਰਪਤੀ ਰਾਊਲ ਕਾਸਤ੍ਰੋ 'ਤੇ ਅਮਰੀਕਾ ਵਿੱਚ ਕਤਲ ਦੇ ਦੋਸ਼

## 1996 ਵਿੱਚ 4 ਅਮਰੀਕੀਆਂ ਦੀ ਮੌਤ ਵਾਲੇ ਜਹਾਜ਼ ਹਮਲੇ ਮਾਮਲੇ 'ਚ ਇਲਜ਼ਾਮ, FBI ਬੋਲੀ– "30 ਸਾਲ ਬਾਅਦ ਇਨਸਾਫ਼ ਵੱਲ ਵੱਡਾ ਕਦਮ"



**ਮਿਆਮੀ : ਆਪਣਾ ਪੰਜਾਬ ਮੀਡੀਆ :** ਅਮਰੀਕਾ ਵਿੱਚ ਸਾਬਕਾ ਕਿਊਬਨ ਰਾਸ਼ਟਰਪਤੀ Raul Castro ਖ਼ਿਲਾਫ਼ 1996 ਵਿੱਚ ਦੋ ਨਾਗਰਿਕ ਜਹਾਜ਼ ਗਿਰਾਏ ਜਾਣ ਦੇ ਮਾਮਲੇ ਵਿੱਚ ਕਤਲ ਅਤੇ ਸਾਜ਼ਿਸ਼ ਦੇ ਗੰਭੀਰ ਦੋਸ਼ਾਂ ਹੇਠ ਇਲਜ਼ਾਮ ਲਗਾਏ ਗਏ ਹਨ। ਫਲੋਰੀਡਾ ਦੀ ਗ੍ਰੈਂਡ ਜੂਰੀ ਵੱਲੋਂ ਜਾਰੀ ਇੰਡਾਇਟਮੈਂਟ ਮੁਤਾਬਕ, ਇਸ ਘਟਨਾ ਵਿੱਚ 4 ਅਮਰੀਕੀ ਨਾਗਰਿਕਾਂ ਦੀ ਮੌਤ ਹੋਈ ਸੀ, ਜਿਸ ਕਾਰਨ ਇਹ ਮਾਮਲਾ ਅਮਰੀਕਾ ਵਿੱਚ ਕਾਫ਼ੀ ਚਰਚਾ ਦਾ ਕੇਂਦਰ ਬਣਿਆ ਹੋਇਆ ਹੈ। ਅਮਰੀਕੀ ਅਧਿਕਾਰੀਆਂ ਦਾ ਦਾਅਵਾ ਹੈ ਕਿ ਕਿਊਬਨ ਫੌਜੀ ਜਹਾਜ਼ਾਂ ਨੇ ਅੰਤਰਰਾਸ਼ਟਰੀ ਜਲ-ਸੀਮਾ ਵਿੱਚ "Brothers to the Rescue" ਗਰੁੱਪ ਦੇ ਨਿਰਹਥਿਆਰ ਜਹਾਜ਼ਾਂ 'ਤੇ ਮਿਸਾਈਲ ਹਮਲਾ ਕੀਤਾ ਸੀ। ਇਹ ਗਰੁੱਪ ਸਮੁੰਦਰ ਵਿੱਚ ਫਸੇ ਕਿਊਬਨ ਸ਼ਰਨਾਰਥੀਆਂ ਨੂੰ ਬਚਾਉਣ ਲਈ ਕੰਮ ਕਰਦਾ ਸੀ। ਜਾਂਚ ਏਜੰਸੀਆਂ ਅਨੁਸਾਰ ਹਮਲਾ ਸੋਚੀ-ਸਮਝੀ ਸਾਜ਼ਿਸ਼ ਦਾ ਹਿੱਸਾ ਸੀ। ਕਾਰਜਕਾਰੀ ਅਟਾਰਨੀ ਜਨਰਲ ਟਾਡ ਬਲਾਂਚ ਨੇ ਕਿਹਾ ਕਿ ਅਮਰੀਕੀ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣ ਵਾਲਿਆਂ ਨੂੰ ਕਿਸੇ ਵੀ ਹਾਲਤ ਵਿੱਚ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਇਨਸਾਫ਼ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਭਾਵੇਂ ਇਹ ਘਟਨਾ ਕਈ ਸਾਲ ਪੁਰਾਣੀ ਹੈ, ਪਰ ਅਮਰੀਕਾ ਆਪਣੇ ਨਾਗਰਿਕਾਂ ਲਈ ਨਿਆਂ ਦੀ ਲੜਾਈ ਜਾਰੀ ਰੱਖੇਗਾ। FBI ਡਾਇਰੈਕਟਰ Kash Patel ਨੇ ਵੀ ਇਸ ਮਾਮਲੇ 'ਤੇ ਕੜਾ ਰੁਖ ਅਪਣਾਉਂਦੇ ਹੋਏ ਕਿਹਾ ਕਿ ਏਜੰਸੀ ਨੇ ਪੀੜਤਾਂ ਨੂੰ ਕਦੇ ਨਹੀਂ ਭੁਲਾਇਆ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਇਨਸਾਫ਼ ਵੱਲ ਇਕ ਵੱਡਾ ਅਤੇ ਮਹੱਤਵਪੂਰਨ ਕਦਮ ਹੈ ਅਤੇ ਜਾਂਚ ਏਜੰਸੀਆਂ ਇਸ ਮਾਮਲੇ ਨੂੰ ਅੰਤ ਤੱਕ ਲੈ ਜਾਣ ਲਈ ਵਚਨਬੱਧ ਹਨ। ਦੂਜੇ ਪਾਸੇ ਕਿਊਬਾ ਵੱਲੋਂ ਇਨ੍ਹਾਂ ਦੋਸ਼ਾਂ 'ਤੇ ਹਾਲੇ ਤੱਕ ਕੋਈ ਵਿਸਥਾਰਪੂਰਵਕ ਅਧਿਕਾਰਿਕ ਪ੍ਰਤੀਕਿਰਿਆ ਸਾਹਮਣੇ ਨਹੀਂ ਆਈ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਸ ਮਾਮਲੇ ਨਾਲ ਅਮਰੀਕਾ ਅਤੇ ਕਿਊਬਾ ਵਿਚਾਲੇ ਸਿਆਸੀ ਤਣਾਅ ਹੋਰ ਵਧ ਸਕਦਾ ਹੈ।



Copyright: Apna Punjab Media 2025-26

ਸੱਚ ਦੀ ਆਵਾਜ਼
# ਆਪਣਾ ਪੰਜਾਬ
BILINGUAL
ESTD. 2005
*Journalism With Guts to Tell It Like It Is!*

Google apna punjab media

COVERING DIASPORA INTERNATIONALLY
APNA PUNJAB media.tv HD
CORPORATE OFFICE : NEWYORK - CHANDIGARH

Founder & Chief Editor : Gurmit Singh
1 516 989 8001 | 1 631 835 8000

Follow Us On /apnapunjabmedia

www.apnapunjabmedia.com newsroom@apnapunjabmedia.com



VOL XVIII, ISSUE 1928 | FRIDAY MAY 22, 2026






N·S·C
"We Serve To Build Better"

# NATIONAL SUPPLIES CORP.

Routine Ma900 S COLUMBUS AVE MOUNT VERNON NY 10550intenance

## YOUR ONE STEP FOR
## SCAFFOLDING, SIDEWALK BRIDGE & BUILDING MATERIAL

ਨਿਊਯਾਰਕ ਟ੍ਰਾਈਸਟੇਟ ਇਲਾਕੇ ਵਿੱਚ ਕੰਸਟ੍ਰਕਸ਼ਨ ਵਾਲੇ ਵੀਰਾਂ ਦਾ ਆਪਣਾ ਸਭ ਤੋਂ ਵੱਡਾ ਇੱਕੋ-ਇੱਕ ਸਟੋਰ ਜਿੱਥੇ ਹਰ ਤਰ੍ਹਾਂ ਦਾ ਬਿਲਡਿੰਗ ਅਤੇ ਸਕੈਫੋਲਡਿੰਗ ਦਾ ਸਮਾਨ ਇੱਕ ਹੀ ਥਾਂ ਤੋਂ ਮਿਲ ਜਾਂਦਾ ਹੈ ।

## OUR PRODUCTS & SERVICES

- Shingles
- All kind of Insulations
- Siding (All Color)
- Soffit
- Sheetrock
- Firestone Roof
- Compound
- Stud & Track
- Plywood
- Lumber
- SPEC Mix
- Sand & Gravel
- Thorocoat
- Oil Based Paint
- Granite and Tiles
- Limestone
- Cement Stone
- Window Sill
- All Kind of Pavers
- All Kind of Bricks
- Banister Handrail
- and Granite
- Veneer Wall Stone









Mon to Fri: 7:00 am to 4:30 pm | Sat: 7:00 am to 2:00 pm Sunday: Closed

Store: 1 914 699 2170 | Cell: 1 917 544 3507

www.nationalsuppliescorp.com sales@nationalsuppliesnyc.com



Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
apna punjab media
Founder & Chief Editor: Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE:
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com
VOL XVIII, ISSUE 1928 | FRIDAY MAY 22, 2026
NEW YORK







Copyright: Apna Punjab Media 2025-26
Graphic & Design: Apna Punjab Media Team



ਸੱਚ ਦੀ ਆਵਾਜ਼

ਆਪਣਾ ਪੰਜਾਬ BILINGUAL ESTD. 2005

Journalism With Guts to Tell It Like It Is!

Founder & Chief Editor: Gurmit Singh

1 516 989 8001 | 1 631 835 8000

Google apna punjab media

COVERING DIASPORA INTERNATIONALLY

APNA PUNJAB media.tv HD

CORPORATE OFFICE: NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com





## NAME CHANGE

I, Salinder, son of Ishwar, residing at V.P.O. Pabnawa, Tehsil Dhand, District Kaithal, PIN 136020, Haryana, India, currently residing at 7222 Pepperwood knoll lane, Apt-58, Sacramento, CA 95842, hereby declare that I am changing my name from Salinder to Salinder Singh, effective immediately. All concerned parties are requested to take note of this name change. Sworn and subscribed on this 20th day of April 2026.

## MATRIMONIAL



Sikh, Male, 52 (07 Oct 1972), 5'8" (approx), well-settled, based in USA (Virginia), seeking a suitable match. Educated (Master's Degree), working professional with an annual income of $130,000. Belongs to a respectable Sikh family from Amritsar. Non-Manglik, divorced. Looking for a well-educated, cultured Sikh girl with family values. Preference for someone willing to settle abroad.

**Currently residing at:** Woodbridge, Virginia, USA

**Contact: +1 202-390-5036**

## NAME CHANGE

I, Sonu, son of Hisam Singh, residing at V.P.O. Pabnawa, Tehsil Dhand, District Kaithal, PIN 136027, Haryana, India, currently residing at 7235 French Rd, Apt-5P, Sacramento, CA 95828, hereby declare that I am changing my name from Sonu to Sonu Singh, effective immediately. All concerned parties are requested to take note of this name change. Sworn and subscribed on this 20th day of April 2026.


# ਪੰਜਾਬ ਦੀ ਖ਼ੁਸ਼ਹਾਲੀ ਲਈ ਪਰਵਾਸੀ ਸਹਿਯੋਗ ਦੇਣ: ਗੁਰਜੀਤ ਸਿੰਘ ਔਜਲਾ

## ਸੰਸਦ ਮੈਂਬਰ ਨੇ ਐਡੀਲੇਡ ਵਿੱਚ ਪਰਵਾਸੀ ਪੰਜਾਬੀਆਂ ਨੂੰ ਸੰਬੋਧਨ ਕੀਤਾ



**ਐਡੀਲੇਡ :ਆਪਣਾ ਪੰਜਾਬ ਮੀਡੀਆ:** ਅੰਮ੍ਰਿਤਸਰ ਤੋਂ ਕਾਂਗਰਸ ਦੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਸਮੂਹ ਪਰਵਾਸੀ ਪੰਜਾਬੀਆਂ ਨੂੰ ਸੂਬੇ ਦੀ ਖ਼ੁਸ਼ਹਾਲੀ ਅਤੇ ਵਿਕਾਸ ਲਈ ਵੱਧ-ਚੜ੍ਹ ਕੇ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ। ਦੱਖਣੀ ਆਸਟਰੇਲੀਆ ਦੀ ਰਾਜਧਾਨੀ ਐਡੀਲੇਡ ਵਿੱਚ ਪਰਵਾਸੀ ਪੰਜਾਬੀਆਂ ਦੇ ਵਿਸ਼ੇਸ਼ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਪੰਜਾਬ ਦੀ ਮੌਜੂਦਾ ਮਾਨ ਸਰਕਾਰ ਨੂੰ ਹਰ ਫਰੰਟ 'ਤੇ ਨਾਕਾਮ ਕਰਾਰ ਦਿੱਤਾ।

ਉਨ੍ਹਾਂ ਕਿਹਾ ਕਿ ਸੂਬੇ ਵਿੱਚ ਚਿੱਟਾ, ਸਿੰਥੈਟਿਕ ਨਸ਼ੇ, ਭ੍ਰਿਸ਼ਟਾਚਾਰ ਅਤੇ ਫਿਰੌਤੀਆਂ ਵਧਣ ਕਾਰਨ ਲੋਕ ਆਪਣੇ ਬੱਚਿਆਂ ਦੇ ਭਵਿੱਖ ਸਬੰਧੀ ਚਿੰਤਤ ਹਨ ਅਤੇ ਉਨ੍ਹਾਂ ਨੂੰ ਵਿਦੇਸ਼ ਭੇਜਣ ਲਈ ਮਜਬੂਰ ਹੋ ਰਹੇ ਹਨ।ਉਨ੍ਹਾਂ ਪਰਵਾਸੀਆਂ ਦੀਆਂ ਸਮੱਸਿਆਵਾਂ ਸੁਣਦਿਆਂ ਭਰੋਸਾ ਦਿੱਤਾ ਕਿ ਸਾਲ 2027 ਵਿੱਚ ਕਾਂਗਰਸ ਦੀ ਸਰਕਾਰ ਬਣਨ 'ਤੇ ਨਸ਼ਾ ਮੁਕਤੀ, ਸਿੱਖਿਆ ਅਤੇ ਕਾਨੂੰਨ ਵਿਵਸਥਾ ਨੂੰ ਮੁੜ ਬਹਾਲ ਕਰਨਾ ਪਾਰਟੀ ਦੀ ਮੁੱਖ ਤਰਜੀਹ ਹੋਵੇਗੀ। ਇਸ ਮੌਕੇ ਪ੍ਰਬੰਧਕਾਂ ਵੱਲੋਂ ਔਜਲਾ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।

# ਕਾਂਗੋ ਤੇ ਯੂਗਾਂਡਾ ਵਿੱਚ ਇਬੋਲਾ ਦਾ ਕਹਿਰ, 132 ਮੌਤਾਂ

## WHO ਨੇ ਇਬੋਲਾ ਫੈਲਾਅ ਨੂੰ ਕੌਮਾਂਤਰੀ ਸਿਹਤ ਐਮਰਜੈਂਸੀ ਕਰਾਰ ਦਿੱਤਾ, 528 ਸ਼ੱਕੀ ਮਾਮਲੇ ਸਾਹਮਣੇ ਆਏ

World Health Organization

**ਜਿਨੀਵਾ (ਸਵਿਟਜ਼ਰਲੈਂਡ) : ਆਪਣਾ ਪੰਜਾਬ ਮੀਡੀਆ** : World Health Organization (WHO) ਨੇ ਡੈਮੋਕ੍ਰੇਟਿਕ ਰਿਪਬਲਿਕ ਆਫ ਕਾਂਗੋ ਅਤੇ ਯੂਗਾਂਡਾ ਵਿੱਚ ਫੈਲ ਰਹੇ ਇਬੋਲਾ ਵਾਇਰਸ ਦੇ ਖ਼ਤਰਨਾਕ ਪ੍ਰਕੋਪ ਨੂੰ ਲੈ ਕੇ ਵਿਸ਼ਵ ਪੱਧਰ 'ਤੇ ਚਿੰਤਾ ਜਤਾਈ ਹੈ। ਸੰਸਥਾ ਮੁਤਾਬਕ ਹੁਣ ਤੱਕ 528 ਸ਼ੱਕੀ ਮਾਮਲੇ ਸਾਹਮਣੇ ਆ ਚੁੱਕੇ ਹਨ, ਜਿਨ੍ਹਾਂ ਵਿੱਚੋਂ 132 ਲੋਕਾਂ ਦੀ ਮੌਤ ਹੋਣ ਦੀ ਜਾਣਕਾਰੀ ਮਿਲੀ ਹੈ। WHO ਨੇ 'ਬੁੰਡੀਬੁਗਯੋ ਵਾਇਰਸ' ਕਾਰਨ ਫੈਲੇ ਇਸ ਇਬੋਲਾ ਪ੍ਰਕੋਪ ਨੂੰ ਕੌਮਾਂਤਰੀ ਚਿੰਤਾ ਵਾਲੀ ਜਨਤਕ ਸਿਹਤ ਐਮਰਜੈਂਸੀ ਕਰਾਰ ਦਿੱਤਾ ਹੈ। ਸਿਹਤ ਮਾਹਰਾਂ ਅਨੁਸਾਰ ਇਹ ਵਾਇਰਸ ਬਹੁਤ ਤੇਜ਼ੀ ਨਾਲ ਫੈਲ ਸਕਦਾ ਹੈ ਅਤੇ ਜੇ ਸਮੇਂ ਸਿਰ ਇਸ 'ਤੇ ਕਾਬੂ ਨਾ ਪਾਇਆ ਗਿਆ ਤਾਂ ਇਹ ਹੋਰ ਦੇਸ਼ਾਂ ਲਈ ਵੀ ਖ਼ਤਰਾ ਬਣ ਸਕਦਾ ਹੈ। ਯੂਗਾਂਡਾ ਵਿੱਚ ਹੁਣ ਤੱਕ 12 ਸ਼ੱਕੀ ਮਾਮਲੇ ਸਾਹਮਣੇ ਆਏ ਹਨ,ਜਿਨ੍ਹਾਂਵਿੱਚੋਂ2ਮਾਮਲਿਆਂ ਦੀ ਅਧਿਕਾਰਿਕ ਤੌਰ 'ਤੇ ਪੁਸ਼ਟੀ ਹੋ ਚੁੱਕੀ ਹੈ। ਪ੍ਰਭਾਵਿਤ ਖੇਤਰਾਂ ਵਿੱਚ ਡਰ ਅਤੇ ਚਿੰਤਾ ਦਾ ਮਾਹੌਲ ਬਣਿਆ ਹੋਇਆ ਹੈ, ਜਦਕਿ ਸਿਹਤ ਟੀਮਾਂ ਲਗਾਤਾਰ ਨਿਗਰਾਨੀ ਅਤੇ ਜਾਂਚ ਵਿੱਚ ਜੁਟੀਆਂ ਹੋਈਆਂ ਹਨ। WHO ਵੱਲੋਂ ਸਥਿਤੀ ਨੂੰ ਕਾਬੂ ਕਰਨ ਲਈ ਪ੍ਰਭਾਵਿਤ ਇਲਾਕਿਆਂ ਵਿੱਚ ਮੈਡੀਕਲ ਮਾਹਰ, ਮੋਬਾਈਲ ਲੈਬ ਅਤੇ ਐਮਰਜੈਂਸੀ ਸਪਲਾਈ ਭੇਜੀ ਗਈ ਹੈ। ਇਸਦੇ ਨਾਲ ਹੀ ਲੋਕਾਂ ਨੂੰ ਬਿਮਾਰੀ ਤੋਂ ਬਚਾਅ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਸੰਕਰਮਿਤ ਮਰੀਜ਼ਾਂ ਦੀ ਪਛਾਣ ਲਈ ਨਿਗਰਾਨੀ ਵਧਾਈ ਜਾ ਰਹੀ ਹੈ।ਦੂਜੇਪਾਸੇਭਾਰਤਦਾਸਿਹਤ ਮੰਤਰਾਲਾ ਵੀ ਅਫ਼ਰੀਕੀ ਦੇਸ਼ਾਂ ਵਿੱਚ ਫੈਲ ਰਹੀ ਇਸ ਬਿਮਾਰੀ 'ਤੇ ਨਜ਼ਰ ਰੱਖ ਰਿਹਾ ਹੈ। ਹਵਾਈ ਅੱਡਿਆਂ ਅਤੇ ਅੰਤਰਰਾਸ਼ਟਰੀ ਯਾਤਰਾ ਨਾਲ ਜੁੜੇ ਮਾਮਲਿਆਂ 'ਤੇ ਖ਼ਾਸ ਸਾਵਧਾਨੀ ਵਰਤੀ ਜਾ ਰਹੀ ਹੈ ਤਾਂ ਜੋ ਕਿਸੇ ਵੀ ਸੰਭਾਵਿਤ ਖ਼ਤਰੇ ਨੂੰ ਸਮੇਂ ਸਿਰ ਰੋਕਿਆ ਜਾ ਸਕੇ।

# Israel ਨੇ ਗਾਜ਼ਾ ਵੱਲ ਜਾਂਦੀ ਇੱਕ ਹੋਰ ਕਿਸ਼ਤੀ ਰੋਕੀ



**ਯੇਰੂਸ਼ਲਮ:ਆਪਣਾ ਪੰਜਾਬ ਮੀਡੀਆ:** ਇਜ਼ਰਾਇਲੀ ਫ਼ੌਜ ਨੇ ਗਾਜ਼ਾ ਵੱਲ ਜਾ ਰਹੇ ਕਾਰਕੁਨਾਂ ਦੇ ਕਾਫ਼ਲੇ ਦੀਆਂ ਬਾਕੀ ਬਚੀਆਂ ਕਿਸ਼ਤੀਆਂ 'ਚੋਂ ਇੱਕ ਹੋਰ ਨੂੰ ਰੋਕ ਲਿਆ ਹੈ। ਐਂਡਰੋਸ ਨਾਂ ਦੀ ਇਸ ਕਿਸ਼ਤੀ ਨੂੰ ਗਾਜ਼ਾ ਸਾਹਿਲ ਤੋਂ ਤਕਰੀਬਨ150ਕਿਲੋਮੀਟਰ ਦੂਰ ਰੋਕਿਆ ਗਿਆ। ਕਾਫ਼ਲੇ ਦੀ ਵੈੱਬਸਾਈਟ 'ਤੇ ਚੱਲ ਰਹੇ ਲਾਈਵ ਪ੍ਰਸਾਰਨ ਵਿੱਚ ਇਜ਼ਰਾਇਲੀ ਫ਼ੌਜੀਆਂ ਨੂੰ ਕਿਸ਼ਤੀ ਨੇੜੇ ਆਉਂਦਿਆਂ ਦੇਖਿਆ ਗਿਆ। ਇਸ ਮਗਰੋਂ ਕਾਰਕੁਨਾਂ ਨੇ ਹੱਥ ਖੜ੍ਹੇ ਕਰ ਦਿੱਤੇ ਅਤੇ ਪ੍ਰਸਾਰਨ ਬੰਦ ਹੋ ਗਿਆ। ਇਹ ਕਾਫ਼ਲਾ ਪਿਛਲੇ ਹਫ਼ਤੇ ਤੁਰਕੀ ਦੇ ਬੰਦਰਗਾਹ ਸ਼ਹਿਰ ਮਾਰਮਾਰਿਸ ਤੋਂ ਰਵਾਨਾ ਹੋਇਆ ਸੀ। ਇਸ ਮੁਹਿੰਮ ਦਾ ਮੁੱਖ ਮਕਸਦ ਗਾਜ਼ਾ ਦੀ ਸਮੁੰਦਰੀ ਘੇਰਾਬੰਦੀ ਤੋੜਨਾ ਅਤੇ ਫ਼ਲਸਤੀਨੀਆਂ ਦੀ ਤਰਸਯੋਗ ਹਾਲਤ ਦੁਨੀਆ ਸਾਹਮਣੇ ਲਿਆਉਣਾ ਹੈ।



Copyright: Apna Punjab Media 2025-26


Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
Founder & Chief Editor: Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE: NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com


BREAKING NEWS
ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖ਼ਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।
Visit our dedicated pages for the latest national and international news.
ਹੁਣੇ ਹੁਣੇ

# Australia ਜਾਣ ਦੇ ਚਾਹਵਾਨਾਂ ਨੂੰ ਝਟਕਾ: ਕਿੱਤਮੁਖੀ ਕਾਲਜ ਸ਼ੁਰੂ ਕਰਨ 'ਤੇ ਇੱਕ ਸਾਲ ਲਈ ਪਾਬੰਦੀ

## ਪਹਿਲਾਂ ਤੋਂ ਚੱਲ ਰਹੇ ਕਾਲਜ ਵੀ 12 ਮਹੀਨੇ ਨਵਾਂ ਕੋਰਸ ਨਹੀਂ ਸ਼ੁਰੂ ਕਰ ਸਕਣਗੇ




**ਮੈਲਬਰਨ :ਆਪਣਾ ਪੰਜਾਬ ਮੀਡੀਆ:** ਆਸਟਰੇਲੀਆ ਸਰਕਾਰ ਨੇ ਦੇਸ਼ ਦੇ ਸਿੱਖਿਆ ਢਾਂਚੇ ਨੂੰ ਸਾਫ਼-ਸੁਥਰਾ ਬਣਾਉਣ ਲਈ ਸਖਤ ਕਦਮ ਚੁੱਕੇ ਹਨ। ਇਸ ਕਦਮ ਤਹਿਤ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਨਵੇਂ ਨਿੱਜੀ ਕਾਲਜਾਂ ਦੀ ਦਿੱਤੀ ਜਾਂਦੀ ਰਜਿਸਟਰੇਸ਼ਨ 'ਤੇ ਇੱਕ ਸਾਲ ਲਈ ਰੋਕ ਲਗਾ ਦਿੱਤੀ ਹੈ। ਸਰਕਾਰ ਵੱਲੋਂ ਲਾਗੂ ਕੀਤੇ ਗਏ ਨਵੇਂ ਅਤੇ ਸਖ਼ਤ ਨਿਯਮਾਂ ਤਹਿਤ ਅਜਿਹੇ ਕਾਲਜਾਂ ਦੀਆਂ ਨਵੀਆਂ ਅਰਜ਼ੀਆਂ ਰਾਹੀਂ 12 ਮਹੀਨੇ ਤੱਕ ਪਾਸ ਨਹੀਂ ਹੋ ਸਕਣਗੀਆਂ।

ਨਵੇਂ ਖੁੱਲ੍ਹਣ ਵਾਲੀਆਂ ਕਿੱਤਾਮੁਖੀ ਅਤੇ ਅੰਗਰੇਜ਼ੀ ਭਾਸ਼ਾ ਸੰਸਥਾਵਾਂ ਦੇ ਅਗਲੇ 12 ਮਹੀਨਿਆਂ ਤੱਕ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦਾਖਲੇ ਕਰਨ ਤੇ ਰੋਕ ਸਮੇਤ, ਪਹਿਲਾਂ ਤੋਂ ਚੱਲ ਰਹੇ ਕਾਲਜਾਂ ਵੱਲੋਂ ਨਵੇਂ ਕੋਰਸ ਸ਼ੁਰੂ ਕਰਨ 'ਤੇ ਇੱਕ ਸਾਲ ਲਈ ਪਾਬੰਦੀ ਲਗਾ ਦਿੱਤੀ ਗਈ ਹੈ। ਸਰਕਾਰ ਦਾ ਇਹ ਵੱਡਾ ਕਦਮ ਫ਼ਰਜ਼ੀ ਕਾਲਜਾਂ, ਘੱਟ ਮਿਆਰੀ ਸਿੱਖਿਆ ਸੰਸਥਾਵਾਂ 'ਤੇ ਸਖਤੀ ਲਈ ਚੁੱਕਿਆ ਗਿਆ ਹੈ। ਸਰਕਾਰ ਦੇ ਇਸ ਅਹਿਮ ਫੈਸਲੇ ਤੋਂ ਬਾਅਦ ਹੁਣ ਆਸਟਰੇਲੀਅਨ ਸਕਿੱਲਜ਼ ਕੁਆਲਿਟੀ ਅਥਾਰਟੀ ਪੂਰੀ ਤਰ੍ਹਾਂ ਹਰਕਤ ਵਿੱਚ ਆ ਗਈ ਹੈ ਅਤੇ ਇਸ ਵੇਲੇ ਚੱਲ ਰਹੇ ਨਿੱਜੀ ਕਾਲਜਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਜਾਵੇਗੀ। ਇਸ ਵਿਸ਼ੇਸ਼ ਪੜਤਾਲ ਤਹਿਤ ਵਿਦਿਆਰਥੀਆਂ ਦੀ ਹਾਜ਼ਰੀ, ਅਸਲ ਦਾਖਲੇ, ਪੜ੍ਹਾਈ ਦੇ ਮਿਆਰ, ਸਿੱਖਿਆ ਏਜੰਟਾਂ ਦੇ ਕੰਮਕਾਜ ਅਤੇ ਕਾਲਜਾਂ ਦੇ ਵਿੱਤੀ ਰਿਕਾਰਡ ਦੀ ਸਖ਼ਤ ਆਡਿਟਿੰਗ ਕੀਤੀ ਜਾਵੇਗੀ। ਨਿਯਮਾਂ ਦੀ ਉਲੰਘਣਾ ਕਰਨ ਵਾਲੇ ਜਾਂ ਮਾਪਦੰਡਾਂ 'ਤੇ ਖ਼ਰੇ ਨਾ ਉਤਰਨ ਵਾਲੇ ਕਾਲਜਾਂ ਦੀ ਮਨਜ਼ੂਰੀ ਤੁਰੰਤ ਰੱਦ ਹੋ ਸਕਦੀ ਹੈ ਅਤੇ ਉਨ੍ਹਾਂ ਦੇ ਵਿਦੇਸ਼ੀ ਵਿਦਿਆਰਥੀ ਬੁਲਾਉਣ 'ਤੇ ਵੀ ਰੋਕ ਲਗਾਈ ਜਾ ਸਕਦੀ ਹੈ।

# ਈਰਾਨ ਜੰਗ ਜਲਦੀ ਖ਼ਤਮ ਹੋਵੇਗੀ, ਤੇਲ ਦੀਆਂ ਕੀਮਤਾਂ ਡਿੱਗਣਗੀਆਂ: ਟਰੰਪ

## ਅਮਰੀਕੀ ਰਾਸ਼ਟਰਪਤੀ ਦਾ ਦਾਅਵਾ– ਈਰਾਨ ਸਮਝੌਤਾ ਕਰਨ ਲਈ ਬੇਤਾਬ, ਹਮਲਾ ਫਿਲਹਾਲ ਟਾਲਿਆ



ਵਾਸ਼ਿੰਗਟਨ :ਆਪਣਾ ਪੰਜਾਬ ਮੀਡੀਆ: ਅਮਰੀਕੀ ਰਾਸ਼ਟਰਪਤੀ Donald Trump ਨੇ ਕਿਹਾ ਹੈ ਕਿ ਈਰਾਨ ਜਲਦੀ ਸਮਝੌਤਾ ਕਰਨਾ ਚਾਹੁੰਦਾ ਹੈ ਅਤੇ ਚੱਲ ਰਿਹਾ ਟਕਰਾਅ "ਬਹੁਤ ਜਲਦੀ" ਖ਼ਤਮ ਹੋ ਜਾਵੇਗਾ। ਟਰੰਪ ਨੇ ਇਹ ਵੀ ਦਾਅਵਾ ਕੀਤਾ ਕਿ ਦੁਨੀਆ ਭਰ ਵਿੱਚ ਤੇਲ ਦੀ ਵੱਧ ਸਪਲਾਈ ਕਾਰਨ ਤੇਲ ਦੀਆਂ ਕੀਮਤਾਂ ਵਿੱਚ ਵੱਡੀ ਗਿਰਾਵਟ ਆਵੇਗੀ।ਟਰੰਪ ਨੇ ਦੱਸਿਆ ਕਿ ਕਤਰ, ਸਾਊਦੀ ਅਰਬ ਅਤੇ UAE ਦੇ ਆਗੂਆਂ ਦੀ ਬੇਨਤੀ 'ਤੇ ਅਮਰੀਕਾ ਨੇ ਈਰਾਨ 'ਤੇ ਯੋਜਿਤ ਫੌਜੀ ਹਮਲਾ ਫਿਲਹਾਲ ਟਾਲ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇ ਕੋਈ ਢੁੱਕਵਾਂ ਸਮਝੌਤਾ ਨਾ ਹੋਇਆ ਤਾਂ ਅਮਰੀਕਾ ਵੱਡੀ ਫੌਜੀ ਕਾਰਵਾਈ ਲਈ ਤਿਆਰ ਹੈ।ਇਸ ਦਰਮਿਆਨ ਅਮਰੀਕੀ ਸੀਨੇਟ ਨੇ ਇੱਕ ਪ੍ਰਸਤਾਵ ਪਾਸ ਕੀਤਾ ਹੈ ਜਿਸ ਵਿੱਚ ਰਾਸ਼ਟਰਪਤੀ ਦੀਆਂ ਜੰਗੀ ਸ਼ਕਤੀਆਂ ਨੂੰ ਸੀਮਿਤ ਕਰਨ ਦੀ ਮੰਗ ਕੀਤੀ ਗਈ ਹੈ। ਡੈਮੋਕ੍ਰੈਟ ਸੈਨੇਟਰ Tim Kaine ਵੱਲੋਂ ਲਿਆਂਦੇ ਪ੍ਰਸਤਾਵ ਨੂੰ ਕੁਝ ਰਿਪਬਲਿਕਨ ਮੈਂਬਰਾਂ ਦਾ ਵੀ ਸਮਰਥਨ ਮਿਲਿਆ।

# 23 ਤੋਂ 26 ਮਈ ਤੱਕ ਭਾਰਤ ਦੌਰੇ 'ਤੇ ਆਉਣਗੇ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੁਬਿਓ

## ਦਿੱਲੀ ਸਮੇਤ ਚਾਰ ਸ਼ਹਿਰਾਂ ਦਾ ਦੌਰਾ, ਊਰਜਾ ਸੁਰੱਖਿਆ ਅਤੇ ਰੱਖਿਆ ਸਹਿਯੋਗ 'ਤੇ ਹੋਵੇਗੀ ਚਰਚਾ

ਵਾਸ਼ਿੰਗਟਨ : ਆਪਣਾ ਪੰਜਾਬ ਮੀਡੀਆ : ਅਮਰੀਕੀ ਵਿਦੇਸ਼ ਮੰਤਰੀ Marco Rubio 23 ਤੋਂ 26 ਮਈ ਤੱਕ ਭਾਰਤ ਦੇ ਦੌਰੇ 'ਤੇ ਆਉਣਗੇ। ਅਮਰੀਕੀ ਵਿਦੇਸ਼ ਵਿਭਾਗ ਵੱਲੋਂ ਜਾਰੀ ਜਾਣਕਾਰੀ ਅਨੁਸਾਰ ਇਹ ਦੌਰਾ ਭਾਰਤ ਅਤੇ ਅਮਰੀਕਾ ਵਿਚਕਾਰ ਰਣਨੀਤਿਕ ਅਤੇ ਆਰਥਿਕ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਵੱਲ ਇਕ ਅਹਿਮ ਕਦਮ ਮੰਨਿਆ ਜਾ ਰਿਹਾ ਹੈ। ਦੌਰੇ ਦੌਰਾਨ ਰੁਬਿਓ ਕੋਲਕਾਤਾ, ਆਗਰਾ, ਜੈਪੁਰ ਅਤੇ ਨਵੀਂ ਦਿੱਲੀ ਸਮੇਤ ਕਈ ਮਹੱਤਵਪੂਰਨ ਸ਼ਹਿਰਾਂ ਦਾ ਦੌਰਾ ਕਰਨਗੇ। ਉਹ ਭਾਰਤੀ ਅਧਿਕਾਰੀਆਂ ਨਾਲ ਊਰਜਾ ਸੁਰੱਖਿਆ, ਵਪਾਰ, ਰੱਖਿਆ ਸਹਿਯੋਗ ਅਤੇ ਖੇਤਰੀ ਸੁਰੱਖਿਆ ਵਰਗੇ ਅਹਿਮ ਮੁੱਦਿਆਂ 'ਤੇ ਵਿਸਥਾਰਪੂਰਵਕ ਚਰਚਾ ਕਰਨਗੇ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਸ ਦੌਰੇ ਨਾਲ ਦੋਵੇਂ ਦੇਸ਼ਾਂ ਵਿਚਕਾਰ ਸਾਂਝ ਹੋਰ ਮਜ਼ਬੂਤ ਹੋ ਸਕਦੀ ਹੈ। ਅਮਰੀਕੀ ਵਿਦੇਸ਼ ਵਿਭਾਗ ਮੁਤਾਬਕ, ਭਾਰਤ ਦੌਰੇ ਤੋਂ ਪਹਿਲਾਂ Marco Rubio 22 ਮਈ ਨੂੰ ਸਵੀਡਨ ਦੇ ਸ਼ਹਿਰ ਹੇਲਸਿੰਗਬਰਗ ਵਿੱਚ ਹੋਣ ਵਾਲੀ NATO



ਵਿਦੇਸ਼ ਮੰਤਰੀਆਂ ਦੀ ਬੈਠਕ ਵਿੱਚ ਵੀ ਹਿੱਸਾ ਲੈਣਗੇ। ਇਸ ਬੈਠਕ ਦੌਰਾਨ NATO ਦੇ ਰੱਖਿਆ ਖਰਚੇ, ਸੁਰੱਖਿਆ ਸਾਂਝ ਅਤੇ ਆਰਕਟਿਕ ਖੇਤਰ ਨਾਲ ਜੁੜੇ ਰਣਨੀਤਿਕ ਅਤੇ ਆਰਥਿਕ ਮੁੱਦਿਆਂ 'ਤੇ ਚਰਚਾ ਕੀਤੀ ਜਾਵੇਗੀ।


Copyright: Apna Punjab Media 2025-26



ਸੱਚ ਦੀ ਆਵਾਜ਼

ਆਪਣਾ ਪੰਜਾਬ

BILINGUAL

ESTD. 2005

*Journalism With Guts to Tell It Like It Is!*

Google apna punjab media

Founder & Chief Editor: Gurmit Singh

1 516 989 8001 | 1 631 835 8000

COVERING DIASPORA INTERNATIONALLY

APNA PUNJAB media.tv HD

CORPORATE OFFICE:
NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com

VOL XVIII, ISSUE 1928 | FRIDAY MAY 22, 2026

NEW YORK





# APNA PUNJAB MEDIA GROUP – NOW A COMPLETE GLOBAL MEDIA HUB

## Connecting Indians Worldwide in Punjabi, English & Hindi Language

APNA PUNJAB MEDIA GROUP NEWYORK Estd. 2005

**1 apnapunjabmedia.com**

A dedicated Punjabi-language platform, focused on delivering authentic news, culture, and stories from Punjab while connecting with the global Punjabi and NRI community worldwide.

**2 apnapunjabmedia.us**

Expanding beyond Punjab, we are now reaching audiences across India— With content in English and Hindi, we ensure global accessibility, inclusivity, and meaningful connections communities worldwide.

**3 apnapunjabmedia.tv**

Our global TV platform, delivering breaking news, ground-level reality coverage, and impactful video journalism — bringing real stories directly to viewers worldwide.

# 4 Transform Your Business with Apna Punjab Media IT Services

## Powering Your Business Growth

We brings over 12+ years of industry expertise, delivering innovative and result-driven solutions to help your business grow from local presence to a global brand.

Our team of experienced IT professionals specializes in creating business-oriented strategies tailored to your goals, ensuring measurable and committed results.





GURMIT SINGH
CEO & PRESIDENT



GURSEWAK SINGH
MANAGING DIRECTOR

CONTACT US

1 631 835 8000

1 516 989 8001

Drop us Email
Info@apnapunjabmedia.com


 Copyright: Apna Punjab Media 2025-26 Graphic & Design: Apna Punjab Media Team



ਸੱਚ ਦੀ ਆਵਾਜ਼
# ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media

COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH

Founder & Chief Editor : Gurmit Singh
1 516 989 8001 | 1 631 835 8000

Follow Us On /apnapunjabmedia
www.apnapunjabmedia.com newsroom@apnapunjabmedia.com




VOL XVIII, ISSUE 1928 | FRIDAY MAY 22, 2026






# ਪ੍ਰਧਾਨ ਮੰਤਰੀ ਮੋਦੀ ਨੇ ਤਿੰਨ ਮੁਲਕਾਂ ਦੇ ਆਗੂਆਂ ਨਾਲ ਮੀਟਿੰਗ ਕੀਤੀ

**ਓਸਲੋ : ਆਪਣਾ ਪੰਜਾਬ ਮੀਡੀਆ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਆਈਸਲੈਂਡ, ਫਿਨਲੈਂਡ ਅਤੇ ਡੈਨਮਾਰਕ ਦੇ ਆਪਣੇ ਹਮਰੁਤਬਾ ਆਗੂਆਂ ਨਾਲ ਵੱਖ-ਵੱਖ ਮੀਟਿੰਗਾਂ ਕੀਤੀਆਂ। ਇਸ ਦੌਰਾਨ ਉਨ੍ਹਾਂ ਨੇ ਸਾਫ਼ ਊਰਜਾ, ਵਪਾਰ, ਸਥਿਰਤਾ ਅਤੇ ਡਿਜੀਟਲਾਈਜ਼ੇਸ਼ਨ ਵਰਗੇ ਖੇਤਰਾਂ ਵਿੱਚ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਬਣਾਉਣ ਦੇ ਤਰੀਕਿਆਂ 'ਤੇ ਚਰਚਾ ਕੀਤੀ। ਪ੍ਰਧਾਨ ਮੰਤਰੀ ਨੇ ਤੀਜੇ ਭਾਰਤ-ਨੋਰਡਿਕ ਸੰਮੇਲਨ ਤੋਂ ਪਹਿਲਾਂ ਇਹ ਮੀਟਿੰਗਾਂ ਕੀਤੀਆਂ। ਆਈਸਲੈਂਡ ਦੀ ਪ੍ਰਧਾਨ ਮੰਤਰੀ ਕ੍ਰਿਸਟ੍ਰਨ ਫ੍ਰੋਸਟਾਦੋਤਿਰ, ਫਿਨਲੈਂਡ ਦੇ ਪ੍ਰਧਾਨ ਮੰਤਰੀ ਪੈਟੇਰੀ ਓਰਪੋ ਅਤੇ ਡੈਨਮਾਰਕ ਦੀ ਪ੍ਰਧਾਨ ਮੰਤਰੀ ਮੈਟੇ ਫਰੈਂਡਰਿਕਸਨ ਨਾਲ ਗੱਲਬਾਤ ਦੌਰਾਨ, ਪ੍ਰਧਾਨ ਮੰਤਰੀ ਮੋਦੀ ਨੇ ਭਾਰਤ ਅਤੇ ਤਿੰਨ ਨੋਰਡਿਕ ਮੁਲਕਾਂ ਵਿਚਾਲੇ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਚੁੱਕੇ ਜਾਣ ਵਾਲੇ ਕਦਮਾਂ 'ਤੇ ਵਿਚਾਰ ਵਟਾਂਦਰਾ ਕੀਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਆਈਸਲੈਂਡ, ਫਿਨਲੈਂਡ ਅਤੇ ਡੈਨਮਾਰਕ ਦੇ ਆਪਣੇ ਹਮਰੁਤਬਾ ਆਗੂਆਂ ਨਾਲ ਵੱਖ-ਵੱਖ ਮੀਟਿੰਗਾਂ ਕੀਤੀਆਂ। ਇਸ ਦੌਰਾਨ ਉਨ੍ਹਾਂ ਨੇ ਸਾਫ਼ ਊਰਜਾ, ਵਪਾਰ, ਸਥਿਰਤਾ ਅਤੇ ਡਿਜੀਟਲਾਈਜ਼ੇਸ਼ਨ ਵਰਗੇ ਖੇਤਰਾਂ ਵਿੱਚ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਬਣਾਉਣ ਦੇ ਤਰੀਕਿਆਂ 'ਤੇ ਚਰਚਾ ਕੀਤੀ। ਪ੍ਰਧਾਨ ਮੰਤਰੀ ਨੇ ਤੀਜੇ ਭਾਰਤ-ਨੋਰਡਿਕ ਸੰਮੇਲਨ ਤੋਂ ਪਹਿਲਾਂ ਇਹ ਮੀਟਿੰਗਾਂ ਕੀਤੀਆਂ। ਆਈਸਲੈਂਡ ਦੀ ਪ੍ਰਧਾਨ ਮੰਤਰੀ ਕ੍ਰਿਸਟ੍ਰਨ ਫ੍ਰੋਸਟਾਦੋਤਿਰ, ਫਿਨਲੈਂਡ ਦੇ ਪ੍ਰਧਾਨ ਮੰਤਰੀ ਪੈਟੇਰੀ ਓਰਪੋ ਅਤੇ ਡੈਨਮਾਰਕ ਦੀ ਪ੍ਰਧਾਨ ਮੰਤਰੀ ਮੈਟੇ ਫਰੈਂਡਰਿਕਸਨ ਨਾਲ ਗੱਲਬਾਤ ਦੌਰਾਨ, ਪ੍ਰਧਾਨ ਮੰਤਰੀ ਮੋਦੀ ਨੇ ਭਾਰਤ ਅਤੇ ਤਿੰਨ ਨੋਰਡਿਕ ਮੁਲਕਾਂ ਵਿਚਾਲੇ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਚੁੱਕੇ ਜਾਣ ਵਾਲੇ ਕਦਮਾਂ 'ਤੇ ਵਿਚਾਰ ਵਟਾਂਦਰਾ ਕੀਤਾ।

# San Diego ਮਸਜਿਦ ਗੋਲੀਬਾਰੀ 'ਚ 3 ਦੀ ਮੌਤ, ਇਲਾਕੇ 'ਚ ਦਹਿਸ਼ਤ

- ਦੋ ਨਾਬਾਲਗ ਹਮਲਾਵਰਾਂ ਨੇ ਖ਼ੁਦ ਨੂੰ ਵੀ ਗੋਲੀ ਮਾਰੀ
- ਮਸਜਿਦ ਵਿੱਚ ਚੱਲਦੇ ਸਕੂਲ ਦੇ ਸਾਰੇ ਬੱਚੇ ਸੁਰੱਖਿਅਤ




**ਸਾਂ ਡੀਏਗੋ : ਆਪਣਾ ਪੰਜਾਬ ਮੀਡੀਆ :** ਅਮਰੀਕਾ ਦੇ ਸਾਂ ਡੀਏਗੋ ਵਿੱਚ ਸੋਮਵਾਰ ਨੂੰ ਮਸਜਿਦ 'ਚ ਦੋ ਨਾਬਾਲਗ ਹਮਲਾਵਰਾਂ ਨੇ ਅੰਨ੍ਹੇਵਾਹ ਗੋਲੀਆਂ ਚਲਾਈਆਂ, ਜਿਸ ਕਾਰਨ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ। ਸਾਂ ਡੀਏਗੋ ਪੁਲੀਸ ਮੁਖੀ ਸਕੌਟ ਵਾਹਲ ਅਨੁਸਾਰ ਇਸਲਾਮਿਕ ਸੈਂਟਰ ਵਿੱਚ ਹੋਏ ਇਸ ਹਮਲੇ ਨੂੰ ਨਫ਼ਰਤੀ ਅਪਰਾਧ ਵਜੋਂ ਦੇਖਿਆ ਜਾ ਰਿਹਾ ਹੈ। ਹਮਲਾਵਰਾਂ ਨੇ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਕੁਝ ਦੂਰ ਜਾ ਕੇ ਖ਼ੁਦ ਨੂੰ ਵੀ ਗੋਲੀ ਮਾਰ ਲਈ। ਮਰਨ ਵਾਲਿਆਂ ਵਿੱਚ ਮਸਜਿਦ ਦਾ ਸੁਰੱਖਿਆ ਗਾਰਡ ਵੀ ਸ਼ਾਮਲ ਹੈ, ਜਿਸ ਨੇ ਮੁਸਤੈਦੀ ਦਿਖਾਉਂਦਿਆਂ ਸਥਿਤੀ ਜ਼ਿਆਦਾ ਵਿਗੜਨ ਤੋਂ ਰੋਕੀ ਅਤੇ ਕਈ ਲੋਕਾਂ ਦੀ ਜਾਨ ਬਚਾਈ। ਸੂਚਨਾ ਮਿਲਣ ਦੇ ਚਾਰ ਮਿੰਟਾਂ ਦੇ ਅੰਦਰ ਹੀ ਪੁਲੀਸ ਮੌਕੇ 'ਤੇ ਪਹੁੰਚ ਗਈ ਅਤੇ ਨੇੜੇ ਖੜ੍ਹੀ ਗੱਡੀ 'ਚੋਂ ਦੋਵਾਂ ਹਮਲਾਵਰਾਂ ਦੀਆਂ ਲਾਸ਼ਾਂ ਬਰਾਮਦ ਹੋਈਆਂ। ਪੁਲੀਸ ਨੇ ਘਟਨਾ ਦੇ ਅਸਲ ਕਾਰਨਾਂ ਦਾ ਪਤਾ ਲਾਉਣ ਲਈ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸਲਾਮਿਕ ਸੈਂਟਰ ਇਲਾਕੇ ਦੀ ਸਭ ਤੋਂ ਵੱਡੀ ਮਸਜਿਦ ਹੈ, ਜਿੱਥੇ ਬੱਚਿਆਂ ਲਈ ਅਲ ਰਸ਼ੀਦ ਸਕੂਲ ਵੀ ਚੱਲਦਾ ਹੈ।

ਪੁਲੀਸ ਨੇ ਸਾਫ਼ ਕੀਤਾ ਕਿ ਸਕੂਲ ਦੇ ਸਾਰੇ ਬੱਚੇ ਪੂਰੀ ਤਰ੍ਹਾਂ ਸੁਰੱਖਿਅਤ ਹਨ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਸ ਗੋਲੀਬਾਰੀ ਨੂੰ ਬਹੁਤ ਹੀ ਭਿਆਨਕ ਸਥਿਤੀ ਕਰਾਰ ਦਿੱਤਾ ਹੈ। ਮਸਜਿਦ ਦੇ ਨਿਰਦੇਸ਼ਕ ਇਮਾਮ ਤਾਹਾ ਹਸਨ ਨੇ ਘਟਨਾ ਨੂੰ ਅਤਿ ਨਿੰਦਣਯੋਗ ਦੱਸਦਿਆਂ ਕਿਹਾ ਕਿ ਧਾਰਮਿਕ ਸਥਾਨਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਣੀ ਚਾਹੀਦੀ ਹੈ।

# ਮੋਦੀ ਨੂੰ ਘੇਰਨ ਵਾਲੀ ਨਾਰਵੇ ਦੀ ਪੱਤਰਕਾਰ ਹੈਲੇ ਲਿੰਗ ਦੇ ਇੰਸਟਾਗ੍ਰਾਮ ਤੇ ਫੇਸਬੁੱਕ ਅਕਾਊਂਟ ਸਸਪੈਂਡ

**ਸਾਂ ਡੀਏਗੋ : ਆਪਣਾ ਪੰਜਾਬ ਮੀਡੀਆ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਓਸਲੋ ਫੇਰੀ ਦੌਰਾਨ ਮੀਡੀਆ ਆਜ਼ਾਦੀ ਨੂੰ ਲੈ ਕੇ ਸਵਾਲ ਉਠਾਉਣ ਵਾਲੀ ਨਾਰਵੇ ਦੀ ਮਹਿਲਾ ਪੱਤਰਕਾਰ ਹੈਲੇ ਲਿੰਗ ਇੱਕ ਨਵੇਂ ਵਿਵਾਦ ਦੇ ਕੇਂਦਰ ਵਿੱਚ ਆ ਗਈ ਹੈ।




ਹੈਲੇ ਲਿੰਗ ਵੱਲੋਂ ਮੋਦੀ ਨੂੰ "ਦੁਨੀਆ ਦੇ ਸਭ ਤੋਂ ਆਜ਼ਾਦ ਮੀਡੀਆ" ਦੇ ਸਵਾਲਾਂ ਦਾ ਸਾਹਮਣਾ ਕਰਨ ਦੀ ਚੁਣੌਤੀ ਦੇਣ ਵਾਲੀ ਵੀਡੀਓ ਸੋਸ਼ਲ ਮੀਡੀਆ 'ਤੇ ਕਾਫ਼ੀ ਵਾਇਰਲ ਹੋਈ ਸੀ। ਇਸ ਮਾਮਲੇ ਨੇ ਉਸ ਵੇਲੇ ਹੋਰ ਤੂਲ ਫੜ ਲਿਆ ਜਦੋਂ ਹੈਲੇ ਲਿੰਗ ਨੇ ਦਾਅਵਾ ਕੀਤਾ ਕਿ ਉਸ ਦੇ Instagram ਅਤੇ Facebook ਅਕਾਊਂਟ ਸਸਪੈਂਡ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਜੇਕਰ ਕੋਈ ਉਨ੍ਹਾਂ ਨਾਲ ਸੋਸ਼ਲ ਮੀਡੀਆ ਰਾਹੀਂ ਸੰਪਰਕ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਤਾਂ ਉਹ ਫਿਲਹਾਲ ਸੰਭਵ ਨਹੀਂ ਹੈ, ਕਿਉਂਕਿ ਦੋਵੇਂ ਅਕਾਊਂਟ ਬੰਦ ਹਨ। ਹੈਲੇ ਲਿੰਗ ਨੇ ਕਿਹਾ ਕਿ ਉਹ ਵੱਧ ਤੋਂ ਵੱਧ ਭਾਰਤੀ ਲੋਕਾਂ ਦੇ ਸਵਾਲਾਂ ਦੇ ਜਵਾਬ ਦੇਣਾ ਚਾਹੁੰਦੀ ਸੀ, ਪਰ ਅਕਾਊਂਟ ਸਸਪੈਂਡ ਹੋਣ ਕਾਰਨ ਇਸ ਵਿੱਚ ਦੇਰੀ ਹੋਵੇਗੀ। ਉਨ੍ਹਾਂ ਉਮੀਦ ਜਤਾਈ ਕਿ ਉਨ੍ਹਾਂ ਦੇ ਅਕਾਊਂਟ ਜਲਦੀ ਹੀ ਮੁੜ ਚਾਲੂ ਹੋ ਜਾਣਗੇ। ਦੱਸ ਦਈਏ ਕਿ PM ਮੋਦੀ ਨੇ ਨਾਰਵੇ ਦੌਰੇ ਦੌਰਾਨ ਨੋਰਡਿਕ ਦੇਸ਼ਾਂ ਦੇ ਆਗੂਆਂ ਨਾਲ ਭਾਰਤ ਅਤੇ ਉਨ੍ਹਾਂ ਦੇਸ਼ਾਂ ਵਿਚਾਲੇ ਸਬੰਧ ਮਜ਼ਬੂਤ ਕਰਨ ਲਈ ਕਈ ਅਹਿਮ ਮਸਲਿਆਂ 'ਤੇ ਚਰਚਾ ਕੀਤੀ ਸੀ।







Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Founder & Chief Editor : Gurmit Singh
1 516 989 8001 | 1 631 835 8000
apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE : NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com

VOL XVIII, ISSUE 1928 | FRIDAY MAY 22, 2026


# SINGH21 Corp.

BUSINESS & INVESTMENT CONSULTENTS UNITED STATES

## NOW LAUNCHING IN CHANDIGARH TRICITY

**CHANDIGARH | MOHALI | PANCHKULA**

**Chandigarh Tricity is Emerging as One of the Biggest Business Hubs for the Future.**

## About Us

Call us for more info +1516 989 8004

*Singh21.com is a USA-based corporation providing Business & Investment Consulting services since last 30 years in United States.*

*Backed by the leadership and experience of Gurmit Singh, who have vast expertise in Business Development and Marketing Consulting, the company has successfully supported entrepreneurs and investors in expanding across international markets.*

*Building on this global experience, Singh21 is now launching its services across the Chandigarh Tricity region.*

## SINGH21.COM — MISSION & VISION

*We aim to assist NRIs, investors, and business owners who wish to invest in commercial projects, residential properties, and profitable business opportunities in Tricity and surrounding high-growth areas.*



**Gurmit Singh**
Gold Medalist
CEO & PRESIDENT



**Gursewak Singh**
IT EXPERT
Managing Director

**At Singh21.com, our mission is simple — connect global investors with trusted opportunities and help businesses grow with confidence.**

**CONTACT US**

+1516 898 8001

Signal +1 631 835 8000

Call us for more info +91 99889 16431

NEW YORK | CHANDIGARH SINGH21.COM info@singh21.com

**With Best Compliments From Apna Punjab Media Group New York**


Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE : NEWYORK - CHANDIGARH

Founder & Chief Editor: Gurmit Singh
1 516 989 8001 | 1 631 835 8000

Follow Us On /apnapunjabmedia
www.apnapunjabmedia.com newsroom@apnapunjabmedia.com



BREAKING NEWS
ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।
Visit our dedicated pages for the latest national and international news.
ਹਟਕੇ ਹਟਕੇ

# ਭਾਰਤ ਨੇ ਉੱਚ-ਜੋਖਮ ਵਾਲੇ ਅਫ਼ਰੀਕੀ ਦੇਸ਼ਾਂ ਤੋਂ ਆਉਣ ਵਾਲੇ ਯਾਤਰੀਆਂ ਲਈ Ebola ਐਡਵਾਈਜ਼ਰੀ ਜਾਰੀ ਕੀਤੀ


**ਨਵੀਂ ਦਿੱਲੀ:ਆਪਣਾ ਪੰਜਾਬ ਮੀਡੀਆ:** ਭਾਰਤ ਨੇ ਇਬੋਲਾ ਪ੍ਰਭਾਵਿਤ ਦੇਸ਼ਾਂ ਤੋਂ ਆਉਣ ਵਾਲੇ ਜਾਂ ਉੱਥੋਂ ਲੰਘਣ (ਟ੍ਰਾਂਜ਼ਿਟ) ਵਾਲੇ ਯਾਤਰੀਆਂ ਲਈ ਇੱਕ ਸਿਹਤ ਐਡਵਾਈਜ਼ਰੀ ਜਾਰੀ ਕੀਤੀ ਹੈ, ਜਿਸ ਵਿੱਚ ਲੱਛਣਾਂ ਜਾਂ ਸੰਪਰਕ ਦੇ ਇਤਿਹਾਸ ਵਾਲੇ ਲੋਕਾਂ ਨੂੰ ਇਮੀਗ੍ਰੇਸ਼ਨ ਕਲੀਅਰੈਂਸ ਤੋਂ ਪਹਿਲਾਂ ਤੁਰੰਤ ਹਵਾਈ ਅੱਡੇ ਦੇ ਸਿਹਤ ਅਧਿਕਾਰੀਆਂ ਨੂੰ ਰਿਪੋਰਟ ਕਰਨ ਲਈ ਕਿਹਾ ਗਿਆ ਹੈ। ਡਾਇਰੈਕਟੋਰੇਟ ਜਨਰਲ ਆਫ਼ ਹੈਲਥ ਸਰਵਿਸਿਜ਼ (DGHS) ਦੁਆਰਾ ਜਾਰੀ ਕੀਤੀ ਗਈ ਐਡਵਾਈਜ਼ਰੀ ਵਿੱਚ ਵਿਸ਼ੇਸ਼ ਤੌਰ 'ਤੇ ਡੈਮੋਕ੍ਰੇਟਿਕ ਰਿਪਬਲਿਕ ਆਫ਼ ਕਾਂਗੋ, ਯੂਗਾਂਡਾ ਅਤੇ ਦੱਖਣੀ ਸੁਡਾਨ ਤੋਂ ਆਉਣ ਵਾਲੇ ਯਾਤਰੀਆਂ ਦਾ ਜ਼ਿਕਰ ਕੀਤਾ ਗਿਆ ਹੈ, ਜਿਨ੍ਹਾਂ ਨੂੰ ਵਿਸ਼ਵ ਸਿਹਤ ਸੰਗਠਨ (WHO) ਵੱਲੋਂ "ਉੱਚ-ਜੋਖਮ ਵਾਲੇ ਦੇਸ਼ਾਂ" ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ।ਇਹ ਐਡਵਾਈਜ਼ਰੀ ਦਿੱਲੀ ਹਵਾਈ ਅੱਡੇ 'ਤੇ ਏਅਰਪੋਰਟ



ਹੈਲਥ ਆਰਗੇਨਾਈਜ਼ੇਸ਼ਨ (APHO) ਦੁਆਰਾ ਪ੍ਰਦਰਸ਼ਿਤ ਕੀਤੀ ਗਈ ਹੈ। ਇਹ ਯਾਤਰੀਆਂ ਨੂੰ ਬੁਖ਼ਾਰ, ਕਮਜ਼ੋਰੀ, ਸਿਰ ਦਰਦ, ਮਾਸਪੇਸ਼ੀਆਂ ਵਿੱਚ ਦਰਦ, ਉਲਟੀਆਂ, ਦਸਤ, ਗਲੇ ਵਿੱਚ ਖ਼ਰਾਸ਼ ਅਤੇ ਬਿਨਾਂ ਕਿਸੇ ਕਾਰਨ ਦੇ ਖ਼ੂਨ ਵਹਿਣ ਵਰਗੇ ਲੱਛਣਾਂ 'ਤੇ ਨਜ਼ਰ ਰੱਖਣ ਦੀ ਸਲਾਹ ਦਿੰਦੀ ਹੈ।ਇਹ ਉਨ੍ਹਾਂ ਯਾਤਰੀਆਂ ਨੂੰ ਵੀ, ਜੋ ਕਿਸੇ ਸ਼ੱਕੀ ਜਾਂ ਪੁਸ਼ਟੀ ਕੀਤੇ ਇਬੋਲਾ ਮਰੀਜ਼ ਦੇ ਖ਼ੂਨ ਜਾਂ ਸਰੀਰਕ ਤਰਲ ਪਦਾਰਥਾਂ (ਬਾਡੀ ਫਲੂਇਡਜ਼) ਦੇ ਸਿੱਧੇ ਸੰਪਰਕ ਵਿੱਚ ਆਏ ਸਨ, ਤੁਰੰਤ ਹਵਾਈ ਅੱਡੇ ਦੇ ਸਿਹਤ ਅਧਿਕਾਰੀ ਜਾਂ ਸਿਹਤ ਡੈਸਕ ਨੂੰ ਰਿਪੋਰਟ ਕਰਨ ਲਈ ਆਖਦੀ ਹੈ। ਏਪੀਐਚਓ (APHO) ਦੇ ਅਨੁਸਾਰ ਭਾਰਤ ਪਹੁੰਚਣ ਦੇ 21 ਦਿਨਾਂ ਦੇ ਅੰਦਰ ਲੱਛਣ ਵਿਕਸਿਤ ਹੋਣ 'ਤੇ ਕਿਸੇ ਵੀ ਯਾਤਰੀ ਨੂੰ ਤੁਰੰਤ ਡਾਕਟਰੀ ਸਹਾਇਤਾ ਲੈਣੀ ਚਾਹੀਦੀ ਹੈ ਅਤੇ ਅਧਿਕਾਰੀਆਂ ਨੂੰ ਆਪਣੇ ਯਾਤਰਾ ਦੇ ਇਤਿਹਾਸ ਬਾਰੇ ਸੂਚਿਤ ਕਰਨਾ ਚਾਹੀਦਾ ਹੈ।ਆਗਮਨ ਤੋਂ ਪਹਿਲਾਂ (ਪ੍ਰੀ-ਅਰਾਈਵਲ) ਅਤੇ ਆਗਮਨ ਤੋਂ ਬਾਅਦ (ਪੋਸਟ-ਅਰਾਈਵਲ) ਦੀ ਸਕ੍ਰੀਨਿੰਗ, ਕੁਆਰੰਟੀਨ ਪ੍ਰੋਟੋਕੋਲ, ਕੇਸ ਪ੍ਰਬੰਧਨ, ਰੈਫਰਲ ਪ੍ਰਣਾਲੀ ਅਤੇ ਪ੍ਰਯੋਗਸ਼ਾਲਾ (ਲੈਬਾਰਟਰੀ) ਟੈਸਟਿੰਗ ਨੂੰ ਕਵਰ ਕਰਨ ਵਾਲੇ ਵਿਸਤ੍ਰਿਤ ਸਟੈਂਡਰਡ ਓਪਰੇਟਿੰਗ ਪ੍ਰੋਸੀਜ਼ਰ (SOPs) ਪਹਿਲਾਂ ਹੀ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨਾਲ ਸਾਂਝੇ ਕੀਤੇ ਜਾ ਚੁੱਕੇ ਹਨ।

# ਅਰਥਚਾਰਾ ਮੁਸ਼ਕਲ 'ਚ, ਮੋਦੀ ਦਾ ਪ੍ਰਚਾਰ ਜਾਰੀ: Mallikarjun Kharge

**ਨਵੀਂਦਿੱਲੀ:ਆਪਣਾਪੰਜਾਬ ਮੀਡੀਆ:** ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਅੱਜ ਮਹਿੰਗਾਈ, ਬੇਰੁਜ਼ਗਾਰੀ, ਪੇਪਰ ਲੀਕ, ਨਿਵੇਸ਼ ਵਿੱਚ ਗਿਰਾਵਟ ਅਤੇ ਡਾਲਰ ਦੇ ਮੁਕਾਬਲੇ ਰੁਪਏ ਦੀ ਗਿਰਾਵਟ ਵਰਗੇ ਮੁੱਦਿਆਂ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ




ਸੇਧਿਆ। ਉਨ੍ਹਾਂ ਕਿਹਾ ਕਿ ਜਦੋਂ ਅਰਥਵਿਵਸਥਾ ਸੰਕਟ ਦਾ ਸਾਹਮਣਾ ਕਰ ਰਹੀ ਹੈ ਤਾਂ ਮੋਦੀ ਆਪਣਾ ਪ੍ਰਚਾਰ ਜਾਰੀ ਰੱਖ ਰਹੇ ਹਨ। ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੇ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਮੋਦੀ ਚਾਹੁੰਦੇ ਹਨ ਕਿ ਜਨਤਾ ਉਨ੍ਹਾਂ ਦੇ ਭਾਸ਼ਣਾਂ ਦੀ 'ਮੈਲੋਡੀ' ਦਾ ਆਨੰਦ ਮਾਣੇ ਤੇ ਸਰਕਾਰ ਦੀ ਲੁੱਟ ਕਾਰਨ ਦਰਪੇਸ਼ ਮੁਸ਼ਕਲਾਂ ਤੋਂ ਬਚਣ ਦੀ ਕੋਸ਼ਿਸ਼ ਕਰੇ। ਐਕਸ 'ਤੇ ਪੋਸਟ ਵਿੱਚ ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੌਰਾਨ ਪਿਛਲੇ 11 ਸਾਲਾਂ ਵਿੱਚ ਪ੍ਰਤੀ ਭਾਰਤੀ ਔਸਤ ਕਰਜ਼ਾ 11 ਗੁਣਾ ਵਧਿਆ ਹੈ, ਜਦੋਂ ਕਿ ਅਰਬਪਤੀਆਂ ਦੀ ਕੁੱਲ ਦੌਲਤ 97.50 ਲੱਖ ਕਰੋੜ ਰੁਪਏ ਤੋਂ ਵਧ ਗਈ ਹੈ। ਘਰੇਲੂ ਰਸੋਈ ਗੈਸ ਦੀ ਕੀਮਤ 121 ਫ਼ੀਸਦੀ ਵਧੀ ਹੈ, ਜੋ 2014 ਵਿੱਚ 414 ਰੁਪਏ ਸੀ।

# Punjab MC Elections: EVM ਮਸ਼ੀਨਾਂ ਰਸਤੇ ਵਿੱਚ, ਤਿਆਰੀ ਇੱਕ ਦਿਨ ਵਿੱਚ ਸੰਭਵ: ਚੋਣ ਕਮਿਸ਼ਨ

**ਚੰਡੀਗੜ੍ਹ :ਆਪਣਾ ਪੰਜਾਬ ਮੀਡੀਆ:** ਪੰਜਾਬ ਵਿੱਚ ਨਗਰ ਨਿਗਮਾਂ,ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਤੋਂ ਸਿਰਫ਼ ਪੰਜ ਦਿਨ ਪਹਿਲਾਂ ਭਾਰਤੀ ਚੋਣ ਕਮਿਸ਼ਨ (ECI) ਨੇ ਵੀਰਵਾਰ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਦੱਸਿਆ ਕਿ ਚੋਣਾਂ ਲਈ ਮੰਗੀਆਂ ਗਈਆਂ ਈਵੀਐੱਮ ਮਸ਼ੀਨਾਂ (EVMs) ਰਾਜਸਥਾਨ ਤੋਂ ਪੰਜਾਬ ਲਈ ਪਹਿਲਾਂ ਹੀ "ਰਸਤੇ ਵਿੱਚ" (ਇਨ ਟਰਾਂਜ਼ਿਟ) ਹਨ ਅਤੇ ਮਸ਼ੀਨਾਂ ਨੂੰ ਤਿਆਰ (ਕਮਿਸ਼ਨਿੰਗ) ਕਰਨ ਦੀ ਬਾਕੀ ਪ੍ਰਕਿਰਿਆ "ਮਹਿਜ਼ ਇੱਕ ਦਿਨ" ਵਿੱਚ ਪੂਰੀ ਕੀਤੀ ਜਾ ਸਕਦੀ ਹੈ। ਇਹ ਦਾਅਵਾ ਹਾਈ ਕੋਰਟ ਵੱਲੋਂ ਪੰਜਾਬ ਰਾਜ ਚੋਣ ਕਮਿਸ਼ਨ (SEC) ਤੋਂ ਬੈਲਟ ਪੇਪਰਾਂ ਰਾਹੀਂ ਚੋਣਾਂ ਕਰਵਾਉਣ ਦੇ ਉਸ ਦੇ ਫੈਸਲੇ 'ਤੇ ਸਪੱਸ਼ਟੀਕਰਨ ਮੰਗਣ ਦੇ ਇੱਕ ਦਿਨ ਬਾਅਦ




ਸਾਹਮਣੇ ਆਇਆ ਹੈ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਨਗਰ ਨਿਗਮਾਂ, ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੀਆਂ 27 ਮਈ ਦੀਆਂ ਚੋਣਾਂ ਤੋਂ ਪਹਿਲਾਂ ਈਵੀਐੱਮ ਦੀ ਤਾਇਨਾਤੀ ਸੰਭਵ ਨਹੀਂ ਸੀ।

# Tamil Nadu politics: TVK ਦਾ ਭਾਈਵਾਲਾਂ ਨੂੰ ਸਰਕਾਰ 'ਚ ਸ਼ਾਮਲ ਹੋਣ ਦਾ ਸੱਦਾ

## ਡੀ ਐੱਮ ਕੇ ਅਤੇ ਅੰਨਾ ਡੀ ਐੱਮ ਕੇ 'ਤੇ ਟੀ ਵੀ ਕੇ ਦੀ ਰਾਹ 'ਚ ਅੜਿੱਕੇ ਡਾਹੁਣ ਦਾ ਦੋਸ਼

**ਚੇਨਈ :ਆਪਣਾ ਪੰਜਾਬ ਮੀਡੀਆ:** ਤਾਮਿਲ ਨਾਡੂ ਦੇ ਲੋਕ ਨਿਰਮਾਣ ਅਤੇ ਖੇਡ ਵਿਕਾਸ ਮੰਤਰੀ ਆਧਵ ਅਰਜੁਨ ਨੇ ਕਾਂਗਰਸ, ਵੀ ਸੀ ਕੇ ਅਤੇ ਆਈ ਯੂ ਐੱਮ ਐੱਲ ਨੂੰ ਮੰਤਰੀ ਮੰਡਲ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸੀ ਜੋਸਫ ਵਿਜੇ ਚਾਹੁੰਦੇ ਹਨ ਕਿ ਕੈਬਨਿਟ ਕਾਂਗਰਸ, ਵੀ ਸੀ ਕੇ, ਸੀ ਪੀ ਆਈ, ਸੀ ਪੀ ਆਈ-ਐੱਮ ਅਤੇ ਆਈ ਯੂ ਐੱਮ ਐੱਲ ਵਰਗੀਆਂ ਪਾਰਟੀਆਂ ਨਾਲ ਮਿਲ ਕੇ 'ਇੱਕ ਪਰਿਵਾਰ' ਵਾਂਗ ਕੰਮ ਕਰੇ।ਅਰਜੁਨ ਨੇ ਦੋਸ਼ ਲਾਇਆ ਕਿ ਡੀ ਐੱਮ ਕੇ ਅਤੇ ਅੰਨਾ ਡੀ ਐੱਮ ਕੇ ਨੇ ਸੱਤਾ 'ਤੇ ਕਾਬਜ਼ ਹੋਣ ਲਈ ਇੱਕ ਦੂਜੇ



ਨਾਲ ਮਿਲੀਭੁਗਤ ਕੀਤੀ ਅਤੇ ਟੀ ਵੀ ਕੇ ਨੂੰ ਸਰਕਾਰ ਬਣਾਉਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਅਤੇ ਟੀ ਵੀ ਕੇ ਪਾਰਟੀ ਦੋਵਾਂ ਦਾ ਇੱਕੋ ਜਿਹਾ ਦ੍ਰਿਸ਼ਟੀਕੋਣ ਹੈ ਕਿ ਸਮਾਜਿਕ ਨਿਆਂ ਦੇ ਸਿਧਾਂਤਾਂ 'ਤੇ ਕੰਮ ਕਰਨ ਲਈ ਵਚਨਬੱਧ ਨੇਤਾ ਅਤੇ ਪਾਰਟੀਆਂ ਕੈਬਨਿਟ ਵਿੱਚ ਸ਼ਾਮਲ ਹੋਣ। ਉਨ੍ਹਾਂ ਕਿਹਾ, "ਖ਼ਾਸ ਤੌਰ 'ਤੇ, ਕਾਂਗਰਸ ਅੱਗੇ ਆਈ ਅਤੇ ਸਾਡੇ ਨੇਤਾ 'ਤੇ ਭਰੋਸਾ ਕਰਦਿਆਂ ਸਾਨੂੰ ਸਮਰਥਨ ਦਿੱਤਾ।"


Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
COVERING DIASPORA INTERNATIONALLY
APNA PUNJAB media.tv HD
Founder & Chief Editor : Gurmit Singh
1 516 989 8001 | 1 631 835 8000
CORPORATE OFFICE :
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com






Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
*Journalism With Guts to Tell It Like It Is!*

Google apna punjab media

COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH

Founder & Chief Editor : Gurmit Singh
1 516 989 8001 | 1 631 835 8000

Follow Us On /apnapunjabmedia
www.apnapunjabmedia.com newsroom@apnapunjabmedia.com



VOL XVIII, ISSUE 1928 | FRIDAY MAY 22, 2026







Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ BILINGUAL ESTD. 2005
Journalism With Guts to Tell It Like It Is!
Founder & Chief Editor: Gurmit Singh
1 516 989 8001 | 1 631 835 8000
Google apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE: NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com



BREAKING NEWS
ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖ਼ਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।
Visit our dedicated pages for the latest national and international news.

# Iran ਖ਼ਿਲਾਫ਼ ਜੰਗ ਦੌਰਾਨ ਅਮਰੀਕਾ ਦੇ 42 ਲੜਾਕੂ ਜਹਾਜ਼ ਨੁਕਸਾਨੇ, ਅਰਬਾਂ ਡਾਲਰ ਦਾ ਝਟਕਾ

## ਅਮਰੀਕੀ ਕਾਂਗਰਸ ਦੀ ਰਿਪੋਰਟ ਵਿੱਚ ਖ਼ੁਲਾਸਾ ਕੀਤਾ



**ਵਾਸ਼ਿੰਗਟਨ :ਆਪਣਾ ਪੰਜਾਬ ਮੀਡੀਆ:** ਅਮਰੀਕਾ ਵੱਲੋਂ 28 ਫਰਵਰੀ ਨੂੰ ਇਰਾਨ ਖ਼ਿਲਾਫ਼ ਸ਼ੁਰੂ ਕੀਤੇ ਅਪਰੇਸ਼ਨ ਐਪਿਕ ਫਿਊਰੀ ਦੌਰਾਨ ਅਮਰੀਕਾ ਦੇ ਲੜਾਕੂ ਜਹਾਜ਼ਾਂ ਅਤੇ ਡਰੋਨਾਂ ਸਮੇਤ ਘੱਟੋ-ਘੱਟ 42 ਹਵਾਈ ਜਹਾਜ਼ ਜਾਂ ਤਾਂ ਪੂਰੀ ਤਰ੍ਹਾਂ ਤਬਾਹ ਹੋ ਗਏ ਜਾਂ ਨੁਕਸਾਨੇ ਗਏ ਹਨ। ਕਾਂਗਰੇਸ਼ਨਲ ਰਿਸਰਚ ਸਰਵਿਸ (ਸੀ ਆਰ ਐੱਸ) ਦੀ ਅਧਿਕਾਰਤ ਰਿਪੋਰਟ ਮੁਤਾਬਕ ਜੰਗ ਜਾਰੀ ਹੋਣ, ਜਾਣਕਾਰੀ ਗੁਪਤ ਰੱਖੇ ਜਾਣ ਜਾਂ ਹੋਰ ਕਾਰਨਾਂ ਕਰ ਕੇ ਨੁਕਸਾਨੇ ਗਏ ਜਹਾਜ਼ਾਂ ਦੀ ਗਿਣਤੀ ਘਟ ਜਾਂ ਵਧ ਵੀ ਸਕਦੀ ਹੈ। ਇਸ ਰਿਪੋਰਟ ਅਨੁਸਾਰ ਨੁਕਸਾਨੇ ਗਏ ਜਹਾਜ਼ਾਂਵਿੱਚ ਚਾਰ ਐੱਫ-15ਈ ਸਟ੍ਰਾਈਕ ਈਗਲ, ਇੱਕ ਐੱਫ-35ਏ ਲਾਈਟਨਿੰਗ ਟੂ, ਇੱਕ ਏ-10 ਥੰਡਰਬੋਲਟ ਟੂ, ਸੱਤ ਕੇ ਸੀ-135 ਸਟ੍ਰੈਟੋਟੈਂਕਰ, ਇੱਕ ਈ-3 ਸੈਂਟਰੀ ਏ ਡਬਲਿਊ ਏ ਸੀ ਐੱਸ ਏਅਰਕ੍ਰਾਫਟ, ਦੋ ਐੱਮ ਸੀ-130 ਜੇ ਕਮਾਂਡੋ ਟੂ, ਇੱਕ ਐੱਚ ਐੱਚ-60 ਡਬਲਿਊ ਜੌਲੀ ਗ੍ਰੀਨ ਟੂ ਹੈਲੀਕਾਪਟਰ, 24 ਐੱਮ ਕਿਊ-9 ਰੀਪਰ ਡਰੋਨ ਅਤੇ ਇੱਕ ਐੱਮ ਕਿਊ-4 ਸੀ ਟ੍ਰਾਈਟਨ ਡਰੋਨ ਸ਼ਾਮਲ ਹਨ। ਅਮਰੀਕੀ ਰੱਖਿਆ ਵਿਭਾਗ ਅਤੇ ਕੇਂਦਰੀ ਕਮਾਂਡ ਦੇ ਬਿਆਨਾਂ ਦੇ ਆਧਾਰ 'ਤੇ ਇਹ ਅੰਕੜੇ ਤਿਆਰ ਕੀਤੇ ਗਏ ਹਨ।

# ਪੰਜਾਬੀ ਭਾਈਚਾਰੇ ਲਈ ਮਾਣ ਵਾਲੀ ਗੱਲ, ਵਿਕਰਮਜੀਤ ਔਜਲਾ ਓਂਟਾਰੀਓ ਦੇ ਜੱਜ ਨਿਯੁਕਤ



**ਬਰੈਂਪਟਨ:ਆਪਣਾ ਪੰਜਾਬ ਮੀਡੀਆ:** ਬਰੈਂਪਟਨ ਵਿੱਚ ਰਹਿਣ ਵਾਲੇ ਪੰਜਾਬੀ ਮੂਲ ਦੇ ਵਿਕਰਮਜੀਤ ਔਜਲਾ ਨੂੰ Ontario Court of Justice ਵਿੱਚ ਜੱਜ ਨਿਯੁਕਤ ਕੀਤਾ ਗਿਆ ਹੈ। ਓਂਟਾਰੀਓ ਦੇ ਅਟਾਰਨੀ ਜਨਰਲ ਡੱਗ ਡਾਉਨੀ ਵੱਲੋਂ ਪੰਜ ਨਵੇਂ ਜੱਜਾਂ ਦੀ ਨਿਯੁਕਤੀ ਕੀਤੀ ਗਈ ਹੈ, ਜੋ 27 ਮਈ 2026 ਤੋਂ ਆਪਣੀਆਂ ਸੇਵਾਵਾਂ ਸੰਭਾਲਣਗੇ।ਵਿਕਰਮਜੀਤ ਔਜਲਾ ਨੇ York University ਤੋਂ ਗ੍ਰੈਜੂਏਸ਼ਨ ਕੀਤੀ ਹੈ। ਚੀਫ਼ ਜਸਟਿਸ ਸ਼ੈਰਨ ਨਿਕਲਸ ਵੱਲੋਂ ਉਨ੍ਹਾਂ ਨੂੰ ਔਰੇਂਜਵਿਲ ਵਿੱਚ ਨਿਯੁਕਤ ਕੀਤਾ ਗਿਆ ਹੈ।ਔਜਲਾ ਨੇ 2011 ਵਿੱਚ ਪੀਲ ਕਰਾਊਨ ਅਟਾਰਨੀ ਦਫ਼ਤਰ ਵਿੱਚ ਸਹਾਇਕ ਕਰਾਊਨ ਅਟਾਰਨੀ ਵਜੋਂ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਇਸ ਦੌਰਾਨ ਉਨ੍ਹਾਂ ਨੇ ਕਈ ਗੰਭੀਰ ਅਤੇ ਗੁੰਝਲਦਾਰ ਅਪਰਾਧਿਕ ਮਾਮਲਿਆਂ ਦੀ ਪੈਰਵੀ ਕੀਤੀ। 2024 ਵਿੱਚ ਉਹ ਡਫਰਿਨ ਕਾਉਂਟੀ ਲਈ ਕਰਾਊਨ ਅਟਾਰਨੀ ਬਣੇ ਅਤੇ ਸਾਰੇ ਅਪਰਾਧਿਕ ਕੇਸਾਂ ਦੀ ਨਿਗਰਾਨੀ ਸੰਭਾਲੀ।Ontario Court of Justice ਵਿੱਚ ਅਪਰਾਧਿਕ, ਪਰਿਵਾਰਿਕ, ਗੋਦ ਲੈਣ ਅਤੇ ਬੱਚਿਆਂ ਦੀ ਕਸਟਡੀ ਨਾਲ ਜੁੜੇ ਮਾਮਲੇ ਸੁਣੇ ਜਾਂਦੇ ਹਨ। ਇਸ ਤੋਂ ਇਲਾਵਾ ਟ੍ਰੈਫਿਕ ਟਿਕਟਾਂ ਅਤੇ ਸੂਬਾਈ ਕਾਨੂੰਨਾਂ ਦੀ ਉਲੰਘਣਾ ਨਾਲ ਸੰਬੰਧਤ ਕੇਸ ਵੀ ਇੱਥੇ ਸੁਣੇ ਜਾਂਦੇ ਹਨ।ਵਿਕਰਮਜੀਤ ਔਜਲਾ ਸਮਾਜ ਸੇਵਾ ਵਿੱਚ ਵੀ ਸਰਗਰਮ ਰਹੇ ਹਨ। ਉਹ Brampton Flower City Rotary Club ਦੇ ਮੈਂਬਰ ਹਨ ਅਤੇ ਕਈ ਕਮਿਊਨਿਟੀ ਸੰਸਥਾਵਾਂ ਨਾਲ ਜੁੜੇ ਰਹੇ ਹਨ।

# ਮੈਨੀਟੋਬਾ ਵਿੱਚ ਡਰੱਗ ਰੈਕਟ ਦਾ ਪਰਦਾਫਾਸ਼, 33 ਗ੍ਰਿਫ਼ਤਾਰ



**ਵਿਨੀਪੈਗ :ਆਪਣਾ ਪੰਜਾਬ ਮੀਡੀਆ:** ਵਿਨੀਪੈਗ ਪੁਲਿਸ ਨੇ ਮੈਨੀਟੋਬਾ ਵਿੱਚ ਡਰੱਗ ਰੈਕਟ ਦਾ ਪਰਦਾਫਾਸ਼ ਕਰਨ ਲਈ ਸਭ ਤੋਂ ਵੱਡੀ ਕਾਰਵਾਈ ਕਰਦਿਆਂ 500 ਕਿਲੋਗ੍ਰਾਮ ਤੋਂ ਵੱਧ ਨਸ਼ੀਲੇ ਪਦਾਰਥ ਬਰਾਮਦ ਕਰਕੇ 33 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਲੱਗਭਗ ਦੋ ਸਾਲ ਚੱਲੀ ਇਸ ਜਾਂਚ ਨੂੰ "ਪ੍ਰੋਜੈਕਟ ਪਿਊਮਾ" ਦਾ ਨਾਮ ਦਿੱਤਾ ਗਿਆ ਸੀ।

ਪੁਲਿਸ ਅਨੁਸਾਰ ਇਸ ਨੈੱਟਵਰਕ ਦੇ ਸਬੰਧ ਉੱਤਰੀ ਅਮਰੀਕਾ ਦੇ ਵੱਡੇ ਸੰਗਠਿਤ ਅਪਰਾਧ ਗਿਰੋਹਾਂ ਨਾਲ ਸਨ, ਜਿਨ੍ਹਾਂ ਵਿੱਚ ਹੈੱਲਸ ਏਂਜਲ ਅਤੇ ਮੈਕਸੀਕਨ ਸੰਗਠਨ ਵੀ ਸ਼ਾਮਲ ਹਨ। ਪੁਲਿਸ ਇੰਸਪੈਕਟਰ ਜੋਸ਼ ਇਵਾਤਸਕੀ ਨੇ ਦੱਸਿਆ ਕਿ 525 ਕਿਲੋਗ੍ਰਾਮ ਤੋਂ ਵੱਧ ਕੋਕੇਨ, ਫੈਂਟੈਨਿਲ ਅਤੇ ਮੈਥਐਮਫੇਟਾਮੀਨ ਜ਼ਬਤ ਕੀਤੇ ਗਏ ਹਨ, ਜਿਨ੍ਹਾਂ ਦੀ ਬਜ਼ਾਰ ਵਿੱਚ ਕੀਮਤ ਲੱਗਭਗ 37.2 ਮਿਲੀਅਨ ਡਾਲਰ ਹੈ। ਇਸ ਮਾਮਲੇ ਵਿੱਚ ਕੁੱਲ 174 ਅਪਰਾਧਿਕ ਦੋਸ਼ ਲਗਾਏ ਗਏ ਹਨ, ਜਿਨ੍ਹਾਂ ਵਿੱਚ ਡਰੱਗ ਸਮਗਲਿੰਗ, ਸਾਜ਼ਿਸ਼ ਅਤੇ ਅਪਰਾਧ ਤੋਂ ਕਮਾਈ ਸ਼ਾਮਲ ਹੈ। ਸੱਤ ਦੋਸ਼ੀਆਂ ਨੇ ਆਪਣੇ ਅਪਰਾਧ ਕਬੂਲ ਕਰ ਲਏ ਹਨ ਅਤੇ ਉਨ੍ਹਾਂ ਨੂੰ ਤਿੰਨ ਤੋਂ 16 ਸਾਲ ਤੱਕ ਦੀ ਸਜ਼ਾ ਸੁਣਾਈ ਗਈ ਹੈ। ਜਾਂਚ ਦੌਰਾਨ ਪੁਲਿਸ ਨੇ 14 ਹਥਿਆਰ, ਸੱਤ ਵਾਹਨ, ਲੱਗਭਗ 8.25 ਲੱਖ ਡਾਲਰ ਨਕਦ ਅਤੇ 13.5 ਲੱਖ ਤੋਂ ਵੱਧ ਗੈਰਕਾਨੂੰਨੀ ਸਿਗਰਟਾਂ ਵੀ ਬਰਾਮਦ ਕੀਤੀਆਂ। ਮੈਨੀਟੋਬਾ ਦੇ ਨਿਆਂ ਮੰਤਰੀ ਮੈਟ ਵਾਈਬ ਨੇ ਕਿਹਾ ਕਿ ਇਹ ਕਾਰਵਾਈ ਪ੍ਰੋਵਿੰਸਾ ਵਿੱਚ ਸੰਗਠਤ ਅਪਰਾਧ ਖ਼ਿਲਾਫ਼ ਇੱਕ ਸਖ਼ਤ ਸੰਦੇਸ਼ ਹੈ।

# Congo ਵਿੱਚ Ebola Virus ਕਾਰਨ 131 ਮੌਤਾਂ

**ਕਿੰਸ਼ਾਸਾ :ਆਪਣਾ ਪੰਜਾਬ ਮੀਡੀਆ:** ਅਫਰੀਕੀ ਮੁਲਕ ਕਾਂਗੋ ਵਿੱਚ ਇਬੋਲਾ ਵਾਇਰਸ ਨਾਲ ਘੱਟੋ-ਘੱਟ 131 ਲੋਕਾਂ ਦੀ ਮੌਤ ਹੋ ਗਈ ਹੈ ਤੇ 500 ਤੋਂ ਜ਼ਿਆਦਾ ਸ਼ੱਕੀ ਮਾਮਲੇ ਸਾਹਮਣੇ ਆਏ ਹਨ। ਜਾਣਕਾਰੀ ਮੁਤਾਬਕ ਇਬੋਲਾ ਵਾਇਰਸ ਨਾਲ ਨਜਿੱਠਣ 'ਚ ਸਰਕਾਰ ਨੇ ਦੇਰੀ ਕੀਤੀ। ਦੇਸ਼ ਦੇ ਸਿਹਤ ਮੰਤਰਾਲੇ ਨੇ ਦੱਸਿਆ ਕਿ ਪ੍ਰਭਾਵਿਤ ਇਲਾਕਿਆਂ ਵਿੱਚ 131 ਮੌਤਾਂ ਹੋਈਆਂ ਹਨ ਤੇ 513 ਕੇਸ



ਮਿਲੇ ਹਨ; ਹਾਲਾਂਕਿ ਇਹ ਮੌਤਾਂ ਸ਼ੱਕੀ ਹਨ, ਤੇ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਅਸਲ ਵਿੱਚ ਕਿੰਨੀਆਂ ਮੌਤਾਂ ਵਾਇਰਸ ਨਾਲ ਜੁੜੀਆਂ ਹੋਈਆਂ ਹਨ।


Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
COVERING DIASPORA INTERNATIONALLY
APNA PUNJAB media.tv HD
Founder & Chief Editor: Gurmit Singh
1 516 989 8001 | 1 631 835 8000
CORPORATE OFFICE: NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com



# MATRIMONIAL ADS

## MATRIMONIAL

Name: Saini Sikh Girl
Date of Birth: 28 February 1998
Height: 5'4"Complexion: Fair
Education: M.Sc. in Food Technology
Profession: Employed in Gujarat
Gotra: Dhamrait / Tumber
Preferred Match: Army or Air Force Officer
Contact:Mr. Jasvir Singh
House No. 1702, Hospital Road, Ropar
Phone: 94174-85091, 94788-27828

## MATRIMONIAL

Name: Saini Sikh Girl
Date of Birth: 21 July 1997
Height: 5'7"Complexion: Fair
Education: M.Com with Computer Course
Profession: Employed with Sun Pharma (Private Sector)
Gotra: Mundra / Gahania
Preferred Match: Turbaned Sikh Boy
Contact:S. Manjit Singh
House No. 4533, Bari Haveli (Haveli Kalan)
Phone: 97819-92581

## MATRIMONIAL

Name: Saini Sikh Girl
Date of Birth: 22 October 1998
Height: 5'4.5"Complexion: Wheatish
Education: B.P.T., Diploma in Nutrition, pursuing M.H.A.
Profession: DoctorGotra: Dhal / Dhamrait
Preferred Match: Turbaned Sikh Boy from a well-educated family, P.R. holder in Canada or Citizen of any European country
Contact:S. Ajit Singh
ILD Greens, Tower-6, Flat No. 702, Sector 37C, Gurgaon (Haryana)
Phone: 98114-00853, 98115-70853

## MATRIMONIAL

Name: Saini Hindu Girl
Date of Birth: 1993, Height: 5'2"Complexion: Fair
Education: BCA Graduate, Profession: Homemaker
Gotra: Kaloty
Preferred Match: Punjabi Saini boy, aged between 30 to 36 years, well-educated and well-settled in a respectable profession
Contact:Mr. Lakashman Parsad
House No. 3377/3, Bhargo Nagar, Jalandhar
Phone: 96466-00926, 62396-00926

## MATRIMONIAL

Name: Saini Sikh Girl
Date of Birth: 18 July 1998, Height: 5'2"Complexion: Fair
Education: B.Sc. Nursing, Profession: Nursing Officer at PGI, Chandigarh
Gotra: Girn / Badwal
Preferred Match: Turbaned Sikh boy belonging to the Sikh religion, employed in a government job, and settled in the Tricity area (Chandigarh, Mohali, Panchkula)
Contact:S. Gurnam SinghVPO Bhallri, Tehsil Nangal, District Ropar (Punjab)
Phone: 94173-35335

## MATRIMONIAL

Name: Saini Sikh Girl
Date of Birth: September 1998
Height: 5'6"Complexion: Fair
Education: B.Sc. and B.H.Sc. (Canada)
Profession: Employed in a Government Hospital, Ontario (Canada)
Gotra: Kanithlia / Panthila
Preferred Match: Well-educated, tall, Canadian P.R. holder or Citizen
Contact:S. Ranjit Singh
House No. 99, Sun Enclave, Ropar
Phone: 94177-33307

## WANTED BRIDE

Sikh Jat family looking for sikh girl from NY Tri-State area for their son ,born 1988, 5'9", handsome, intelligent, virtual event producer, 6 figure income, born, US citizen.
Pls call or write Rita G. 917 797 1117 or Email: sikhgurus@gmail.com.

## MATRIMONIAL

Name: Saini Sikh Girl
Date of Birth: 29 August 1994, Height: 5'3"Complexion: Fair
Education: B.Tech (Computer Science & Engineering), Post Graduate Diploma in Cyber Security Profession: Employed in Canada (Permanent Resident)
Income: 6,000 CAD per month
Gotra: Dhamrait / Banwait
Preferred Match: Equally qualified match, either from India or Canada
Contact:S. Jasvir SinghJagjit Nagar, RoparPhone: 94642-55626

## MATRIMONIAL

Name: Saini Hindu Girl (Divorced)
Date of Birth: 10 February 1991
Time of Birth: 12:30 PM (Ambala)
Height: 5'1" Complexion: Fair
Education: Degree in Nursing and B.A.
Profession: Staff Nurse at a Private Hospital
Gotra: Medhwan / Lambe
Preferred Match: Suitable, understanding, and well-settled Punjabi Saini match
Contact:Mr. Rann Singh / Ms. Samiksha Saini
House No. 1, Raipur Khurd, Chandigarh 160003Phone: 79733-01900

## WANTED BRIDE

Punjabi, sikh, parents invite correspondence for their Clean shaven, 35 y, 5'9", US born, virtual event producer, family oriented, indeoendant, charming, son.Pls contact parents sikhgurus@gmail.com or 917 797 1117

## MATRIMONIAL

Saini Hindu Girl – Fair, 5'4", D.O.B. 11.11.1998, B.Tech (CSE), employed as Data Scientist at Cars24. Belongs to a respectable family (Gotra: Sutrala/Chera). Seeks well-educated Hindu Saini boy from a good family background.
Contact: Chander Mohan, #90, Ward No. 5, Shri Chamkaur Sahib Road, Near Anaj Mandi, Distt. Ropar.Ph: 94649-44305

## MATRIMONIAL

Saini Sikh Girl – Fair, 5'7", D.O.B. 09.11.1993, B.Tech (CSE), M.S. (CSE, USA), working as Software Engineer in USA, earning USD 1,00,000 annually. Belongs to a respectable family (Gotra: Nanuan/Gidde). Seeks well-qualified, vegetarian Sikh boy with USA/Canada PR or citizenship.Contact: Satwinder Singh, Flat No. A-604, Palm Village, Sec-126, Mohali.Ph: 81460-22355

## MATRIMONIAL

Saini Sikh Girl – Fair, 5'3", D.O.B. 24.08.1999, B.Sc. Nursing, pursuing M.Sc. Nursing. Belongs to a respectable family (Gotra: Nanuan/Dhamrait). Seeking a well-educated, suitable Sikh boy, preferably from Ropar area.
Contact: S. Jagdev Singh, Vill. Tajowal, Distt. S.B.S. Nagar.
Ph: 84279-79909

## MATRIMONIAL

Saini Sikh Boy – Fair, 5'3", D.O.B. 16.10.1994, B.Tech (Civil Engineering), employed with Bentley Systems.
Belongs to a respectable family (Gotra: Kloti/Jhaudeer).
Seeks suitable, well-educated Saini Sikh girl from a good family background.
Contact: Manjit Singh, Jaja Chowk, Tanda, Mohali. Ph: 75080-90397, 98552-24606

## WANTED BRIDE

Saini Sikh Boy – Fair, 5'11", D.O.B. 15.04.1991, BCA, MBA, working as Hotel Manager in Canada on Work Permit.
Belongs to a respectable family (Gotra: Masute/Nanuan).
Seeks well-educated Saini Sikh girl, preferably professionally qualified.
Contact: S. Gurpal Singh, Village Kherabad, Distt. Ropar.Ph: 62806-07428, 98789-61079

## WANTED BRIDE

Saini Sikh Boy – Fair, 5'8", D.O.B. 06.08.1991, Diploma in Mechanical Engineering, employed as Conductor in PRTC. Belongs to a respectable family (Gotra: Masuta/Nanuan). Seeks suitable, well-educated Saini Sikh girl from a good family. Contact: S. Hazara Singh, Nanak Pura Colony, Ropar. Ph: 62802-02332, 94177-06563

## WANTED BRIDE

Saini Sikh Boy – Fair, 6', D.O.B. 23.09.1996, B.Com (Hons) Delhi University, Global Business Management (Humber College, Toronto). Working as Finance/Accounts Professional in Canada. Income CAD 65,000 p.a. (Gotra: Banwait). Seeks well-educated, decent Saini Sikh girl (Height 5'3" & above), PR/Citizen of Canada preferred.Contact: S. Jasbir Singh Saini, A-2/76, 3rd Floor, Paschim Vihar, New Delhi – 110063.Ph: 98110-35915

## WANTED BRIDE

Saini Sikh Boy – Fair, 5'10", D.O.B. Jan 1996, M.Sc. (Agriculture), employed with HDFC Bank, Mohali. Belongs to a respectable family (Gotra: Mundra/Gahunia). Seeks suitable, well-educated Saini Sikh girl from a decent family background.Contact: Manjit Singh, #4533, Haveli (Kalan).Ph: 97819-92581

 Copyright: Apna Punjab Media 2025-26 Graphic & Design: Apna Punjab Media Team

# CLASSIFIED ADS

## APARTMENT FOR SALE/RENT

CONDOMINIUM FOR RENT Anand Vihar, Tampa Florida Three Bedroom fully furnished condominium on Ground floor, Club House with swimming pool, gym, Lunch/Dinner Meal plans. Available May 1, 2023. Dinesh (716) 830 7260


FAMILY DENTAL



Parul Dua Makkar, DDS

Dr. Parul Dua Makkar brings over 20 years of experience.

Award winning Dentist providing comprehensive dental care for children and adults

295 North Broadway, Jericho N.Y. 11753

Tel. 516-388-5002

www.pdmfamilydental.com

info@pdmfamilydental.com


## NAME CHANGE

I, Salinder, son of Ishwar, residing at V.P.O. Pabnawa, Tehsil Dhand, District Kaithal, PIN 136020, Haryana, India, currently residing at 7222 Pepperwood knoll lane, Apt-58, Sacramento, CA 95842, hereby declare that I am changing my name from Salinder to Salinder Singh, effective immediately. All concerned parties are requested to take note of this name change. Sworn and subscribed on this 20th day of April 2026.

## NAME CHANGE

I hereby, Sarbjot singh s/o Jagmohan Singh Permanent residence at H. No 87 Krishna colony, Yamuna Nagar 135001, HR now residing at 13906 Ash stone ct, Fishers, IN 46040, hereby change my name from Saravjot Singh to Sarbjot singh.



Investment Consultants United States & Punjab

APNA PUNJAB ESTATES

ਜੇਕਰ ਤੁਸੀਂ ਨਿਊਯਾਰਕ ਵਿੱਚ ਆਪਣਾ ਘਰ ਖ੍ਰੀਦਣ ਦਾ ਸੁਪਨਾ ਕਰਨਾ ਚਾਹੁੰਦਾ ਹੋ ਪੂਰਾ ਤਾਂ ਫੋਨ ਮਿਲਾਉ।

1 (929) 338 8833

NOW HIRING BUS AND VAN DRIVERS




DON'T MISS The Bus!

LOOK NEW PAY RATES FOR SEPTEMBER

NEW

Big Bus $31.68/hr. Non-Benefit Rate

Van $28.91/hr. Non-Benefit Rate

We Guarantee 30 Hours A Week

Sign On Bonus $5,000.00 for CDL driver bus and van $500.00 for non CDL drivers. Will train qualified applicants

*Some restrictions may apply.

EDUCATIONAL BUS TRANSPORTATION 1324119

516.454.2300 Call Today!

Positions available in Nassau and Suffolk Counties

Apply At: www.educationalbusjobs.com/ EOE

Be prepared before the next power outage.

It's not just a generator. It's a power move.

Receive a free 5-year warranty with qualifying purchase* - valued at $535.

Call 516-973-5901 to schedule your free quote!

*Terms and Conditions apply.

GENERAC



Carpentry & Painting Specialist



Residential and Commercial - All Phases

"Anthony & J Home Improvement, Inc."

Also specializes in ☆ Kitchens ☆ Bathrooms ☆ Finished Basements ☆ Flooring ☆ Repairs ☆ Woodwork/mouldings ☆ Siding ☆ Gutters

516-678-6641 – Licensed & Insured

FREE ESTIMATES...call Anthony Romeo 1323594

HANDYMAN

Roofing shingle flat • Experts in leaks • Bathroom kitchens Flooring • Masonry stoop repair or replace stucco Waterproofing basement • Mold mildew removal Painting inter/ exter • Sheetrocking • Rotten wood Power washing

CJM CONTRACTING • CHRIS 516-428-5777

LICENSED & INSURED 1321908



## HOUSEHOLD HELP WANTED

NEW JERSEY Gujarati Doctor couple Need Live in household help for cooking and light household work in Watching, NJ Call: 908-279-4525

## BUSINESS FOR SALE

WALLINGTON, NJ Convenience store for sale at 168 Main Ave, Wallington, NJ 07057. Asking price $300,000. Lottery Commision $90,000. Contact: 973-510-6701, Email: namratabharat.patel@gmail.com


सरकार द्वारा मान्यता प्राप्त



मियां गुरु नबीर जी


101% गारंटीड समाधान घर बैठे पाएं

Love Marriage 99152-88192



घरेलू झगड़ा

पति-पत्नी में झगड़ा, आम दुश्मन से पीछा, विदेश में P.R में रुकावट, विदेश यात्रा, तलाक का मामला



लॉटरी नंबर

प्यार में धोखा खा चुके प्रेमी प्रेमिका एक बार काल करो

+91-99154-88196

WORLDWIDE COURIER SERVICES

INDO US EXPRESS, INC.

Gurwinder Singh

Worldwide Couriers/Freight Forwarders/Domestic Rush' Delivery/Import/ Export/Custom/Clearence / Trading Consultant

Office 212 447 5720 Fax 516 932 3750

Delhi - +91 98 1849 0552 | Mumbai - +91 922 453 1807 | New York - +1 347 538 7041

www.iueinc.com | Email: indousexpress@gmail.com | 224 West 30th St. #1004, New York NY 10001

URGENTLY REQUIRED

ELECTRONIC ENGINEERS ( Diploma / ITI )

ELECTRICIAN ( Diploma / ITI )

TECHNICIAN ( Diploma / ITI )

WIREMAN ( 12th Pass )

HELPER ( 10th Pass )

• For installation of CCTV & Security System

• Own Conveyance Must • Good Salary

VIDEO VISION SERVICES

Plot No. 155-B, Sec. 82, Mohali. (M) 98142-60807

APPLICATIONS ARE INVITED FOR DIRECT ADMISSION SESSION 2025-26

CERTIFICATE COURSE (COTA)

ELIGIBILITY 10TH PASS

DATE OF COUNSELING 30/11/2025 (SUNDAY)

Admissions will be made as per Punjab Govt./BFUHS norms.

AMAR PROFESSIONAL COLLEGE OF NURSING

Near International Mohali Airport. Opp. Aerocity, G-block, Village Dyalpura, Distt. Mohali. (PB) PH: 9814005365, 8558939254




Copyright: Apna Punjab Media 2025-26